# ਬੁੱਤਾਂ ਵਰਗੇ ਲੋਕ

(ਗ਼ਜ਼ਲਾਂ)

**ਇਸੇ ਕਲਮ ਤੋਂ.....**

- ਕੰਡਿਆਲੀ ਰੁੱਤ (ਕਾਵਿ ਸੰਗ੍ਰਹਿ) 1994
- ਸੂਰਜ ਦੇ ਪਿਛਵਾੜੇ (ਗਜ਼ਲ ਸੰਗ੍ਰਹਿ) 2004

# ਬੁੱਤਾਂ ਵਰਗੇ ਲੋਕ

**ਬਲਜੀਤ ਪਾਲ ਸਿੰਘ**

# Buttan Varge Lok

Ghazals

by

**Baljeet Pal Singh**

Vill & PO : Jhanda Kalan

Disst : Mansa (Punjab)-151507

Mob : 94173-244 32

Email : baljeetpal_s@yahoo.com

Site : www.baljeetpalsingh.blogspot.com

2011
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan, Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2011*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਸਮਰਪਣ

ਪੋਤੀ ਜਸਲੀਨ ਅਤੇ
ਪੋਤੇ ਮਨਿੰਦਰ ਨੂੰ

# ਧੰਨਵਾਦ

ਗ਼ਜ਼ਲ ਸੰਗ੍ਰਹਿ 'ਸੂਰਜ ਦੇ ਪਿਛਵਾੜੇ' (2004) ਤੋਂ ਸੱਤ ਸਾਲਾਂ ਦੀ ਦੇਰੀ ਬਾਅਦ ਆਪਣਾ ਗ਼ਜ਼ਲ ਸੰਗ੍ਰਹਿ 'ਬੁੱਤਾਂ ਵਰਗੇ ਲੋਕ' ਲੈ ਕੇ ਹਾਜ਼ਰ ਹਾਂ। ਪਰ ਇਸ ਦੇਰੀ ਨੂੰ ਮੈਂ ਆਪਣੇ ਸਾਹਿਤਕ ਸਫਰ ਵਾਸਤੇ ਵਰਦਾਨ ਹੀ ਸਮਝਦਾ ਹਾਂ ਕਿਉਂਕਿ ਇਸ ਸਮੇਂ ਦੌਰਾਨ ਮੇਰੀ ਜਾਣ ਪਛਾਣ ਪੰਜਾਬੀ ਸਾਹਿਤਕ ਜਗਤ ਦੀਆਂ ਐਹੋ ਜਹੀਆਂ ਸ਼ਖ਼ਸੀਅਤਾਂ ਨਾਲ ਹੋਈ ਜਿਸ ਨਾਲ ਮੇਰਾ ਗ਼ਜ਼ਲ ਰਚਨਾ ਦਾ ਕਾਰਜ ਸੰਵਾਰਨ ਵਿਚ ਮੈਨੂੰ ਵਧੇਰੇ ਜਾਣਕਾਰੀ ਅਤੇ ਉਤਸ਼ਾਹ ਪ੍ਰਾਪਤ ਹੋਇਆ। ਇਹਨਾਂ ਦੋਸਤਾਂ ਦੇ ਵੱਡਮੁੱਲੇ ਸਾਥ ਸਦਕਾ ਹੀ ਮੈਂ ਆਪਣੀਆਂ ਗ਼ਜ਼ਲਾਂ ਨੂੰ ਪੁਸਤਕ ਰੂਪ ਦੇਣ ਦੇ ਸਮਰੱਥ ਹੋ ਸਕਿਆ ਹਾਂ। ਭਾਵੇਂ ਮੈਂ ਗ਼ਜ਼ਲ ਲਿਖ ਰਿਹਾ ਸੀ ਪਰ ਅਜੇ ਵੀ ਪਿੰਗਲ ਅਰੂਜ਼ ਪੱਖੋਂ ਮੇਰੇ ਵਿਚ ਊਣਤਾਈਆਂ ਸਨ। ਮੇਰੀ ਗਜ਼ਲ ਦੇ ਤਕਨੀਕੀ ਪੱਖ ਸੁਧਾਰਣ ਵਾਸਤੇ ਸ੍. ਹਰਦਮ ਸਿੰਘ ਮਾਨ ਨੇ ਮੇਰੀ ਬਹੁਤ ਮਦਦ ਕੀਤੀ ਅਤੇ ਗ਼ਜ਼ਲ ਦੇ ਸ਼ਿਅਰਾਂ ਨੂੰ ਵਜ਼ਨ ਬਹਿਰ ਪੱਖੋਂ ਜੋ ਸੁਝਾਅ ਦਿੱਤੇ ਉਹ ਮੇਰੇ ਬੇਸ਼ਕੀਮਤੀ ਹੋ ਨਿਬੜੇ। ਇਸ ਗੱਲੋਂ ਉਹਨਾਂ ਦਾ ਮੈਂ ਤਹਿ ਦਿਲੋਂ ਰਿਣੀ ਹਾਂ। ਜਦੋ ਮੈਂ ਇਸ ਗਜ਼ਲ ਸੰਗ੍ਰਹਿ ਦਾ ਮੁੱਖ ਬੰਧ ਲਿਖਣ ਲਈ ਉਸਤਾਦ ਗ਼ਜ਼ਲਗੋ ਸੁਲੱਖਣ ਸਰਹੱਦੀ ਜੀ ਨਾਲ ਗੱਲ ਕੀਤੀ ਅਤੇ ਖਰੜਾ ਉਹਨਾਂ ਨੂੰ ਭੇਜਿਆ ਤਾਂ ਉਹਨਾਂ ਦੁਆਰਾ ਦਿੱਤੀ ਗਈ ਹੱਲਾਸ਼ੇਰੀ ਨਾਲ ਮੇਰਾ ਆਪਣੇ ਆਪ ਵਿਚ ਵਿਸ਼ਵਾਸ ਵਧਿਆ।

ਇਹਨਾਂ ਸਾਲਾਂ ਦੌਰਾਨ ਹੀ ਮੇਰੀ ਮੁਲਾਕਾਤ ਮੇਰੇ ਪਿੱਤਰੀ ਜ਼ਿਲ੍ਹੇ ਮਾਨਸਾ ਦੇ ਸਾਹਿਤਕਾਰਾਂ ਨਾਲ ਹੋਈ ਅਤੇ ਉਹਨਾਂ ਵੱਲੋਂ ਸਾਹਿਤ ਦੇ ਖੇਤਰ ਵਿਚ ਦਿੱਤੇ ਯੋਗਦਾਨ ਸਦਕਾ ਹੀ ਮੈਂ ਇਸ ਕੰਮ ਨੂੰ ਨੇਪਰੇ ਚਾੜ੍ਹ ਸਕਿਆ ਹਾਂ। ਡਾ. ਕੁਲਦੀਪ ਦੀਪ ਇਸ ਸੰਗ੍ਰਹਿ ਵਿਚਲੀਆਂ ਗ਼ਜ਼ਲਾਂ ਦੇ ਸ਼ੁਰੂ ਤੋਂ ਅਤੇ ਛਪ ਜਾਣ ਤੱਕ ਮੇਰੇ ਅੰਗ ਸੰਗ ਰਹੇ। ਸ਼ਾਇਰ ਗੁਰਪ੍ਰੀਤ ਤੋਂ ਮੈਂ ਕੰਪਿਊਟਰ ਲੇਖਣੀ ਸਬੰਧੀ ਕਈ ਗੁਰ ਸਿੱਖੇ। ਸੱਤਪਾਲ ਭੀਖੀ ਅਤੇ ਮੌਲਕ ਡੇਲੂਆਣਾ ਮੇਰੇ ਬਹੁਤ ਪਿਆਰੇ ਸਾਹਿਤਕ ਮਿੱਤਰ ਹਨ। ਦੇਵਨੀਤ, ਹਰਭਜਨ ਸਿੰਘ ਸਿੱਧੂ, ਅੰਮ੍ਰਿਤ ਸਮਿਤੋਜ਼, ਦਰਸ਼ਨ ਜੋਗਾ, ਜਸਵੀਰ ਢੰਡ, ਹਰਵਿੰਦਰ ਸਿੱਧੂ ਦਾ ਮੈਂ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

1996-97 ਵਿਚ ਨਾਵਲਕਾਰ ਰਾਮ ਸਰੂਪ ਰਿਖੀ ਅਤੇ ਤਹਿਸੀਲਦਾਰ ਰਾਮ ਸਿੰਘ ਦੇ ਵਿਸ਼ੇਸ਼ ਉੱਦਮਾਂ ਨਾਲ ਪੰਜਾਬੀ ਸਾਹਿਤ ਸਭਾ ਸਰਦੂਲਗੜ੍ਹ (ਮਾਨਸਾ) ਹੋਂਦ ਵਿਚ ਆਈ। ਉਹਨਾਂ ਦੇ ਜਾਣ ਤੋਂ ਬਾਅਦ ਮੈਨੂੰ ਇਸ ਸਭਾ ਦਾ ਸਰਪ੍ਰਸਤ ਹੋਣ ਦਾ ਮਾਣ ਦਿੱਤਾ ਗਿਆ ਅਤੇ ਮੈਂ ਧੰਨਵਾਦੀ ਹਾਂ ਸਭਾ ਦੇ ਮੈਂਬਰਾਂ ਖਾਸ ਤੌਰ ਤੇ ਬਿਕਰਜੀਤ ਸਾਧੂਵਾਲਾ, ਜਗਤਾਰ ਔਲਖ ਮੀਰਪੁਰੀ, ਮਨਦੀਪ ਦਾ ਜਿਹਨਾਂ ਨੇ ਸਭਾ ਦੀਆਂ ਮੀਟਿੰਗਾਂ ਵਿਚ ਮੇਰੀਆਂ ਰਚਨਾਵਾਂ ਸੁਣੀਆਂ ਅਤੇ ਅਗਾਂਹ ਵਧਣ ਲਈ ਹੁੰਗਾਰੇ ਵੀ ਦਿੰਦੇ ਰਹੇ। ਇਸ ਗ਼ਜ਼ਲ ਸੰਗ੍ਰਹਿ ਨੂੰ

ਜਲਦੀ ਛਪਵਾਉਣ ਲਈ ਉਹ ਅਕਸਰ ਹੀ ਕਹਿੰਦੇ ਰਹੇ ਹਨ। ਮਾਲਵਾ ਕਲਾ ਮੰਚ ਭੁਨੀਰ ਦੇ ਸਮੂਹ ਅਹੁਦੇਦਾਰਾਂ ਖਾਸ ਕਰਕੇ ਪ੍ਰਿੰਸੀਪਲ ਹਰਿੰਦਰ ਭੁੱਲਰ, ਬਲਜਿੰਦਰ ਜੌੜਕੀਆਂ, ਅਵਤਾਰ ਖਹਿਰਾ ਅਤੇ ਜਗਜੀਵਨ ਆਲੀਕੇ ਦਾ ਵੀ ਮੈਂ ਰਿਣੀ ਹਾਂ ਕਿ ਜਿਥੇ ਉਹਨਾਂ ਮੈਨੂੰ ਕਲਾ ਮੰਚ ਦਾ ਸਰਪ੍ਰਸਤ ਥਾਪਿਆ ਉਥੇ ਇਸ ਸਾਹਿਤਕ ਸਫਰ ਵਿਚ ਅਜੇ ਵੀ ਮੇਰੇ ਨਾਲ ਨਾਲ ਹਨ। ਮੈਂ ਇਸ ਮੌਕੇ ਆਪਣੇ ਦੋ ਪੁਰਾਣੇ ਅਤੇ ਸੀਨੀਅਰ ਦੋਸਤਾਂ ਨੂੰ ਵੀ ਯਾਦ ਕਰਦਾ ਹਾਂ ਜਿਨ੍ਹਾਂ ਵਿਚ ਮੇਰੇ ਕਾਲਜ ਦੇ ਹਮਜਮਾਤੀ ਸ੍ਰ. ਗੁਰਦੇਵ ਸਿੰਘ ਸਹੋਤਾ, ਆਈ.ਜੀ., ਪੰਜਾਬ ਪੁਲਿਸ, ਡਾ. ਹਰਜੀਤ ਸਿੰਘ ਕਲਸੀ, ਉੱਘੇ ਖੇਤੀ ਵਿਗਿਆਨੀ ਅਤੇ ਡਾ. ਬਲਜਿੰਦਰ ਸੇਖੋਂ ਕੈਨੇਡਾ (ਪ੍ਰਸਿੱਧ ਕੀਟ ਵਿਗਿਆਨੀ) ਹਨ ਜਿਨ੍ਹਾਂ ਨਾਲ ਜਦ ਵੀ ਮੇਰੀ ਗੱਲਬਾਤ ਹੁੰਦੀ ਹੈ ਉਹ ਮੈਨੂੰ ਕੁਝ ਨਾ ਕੁਝ ਨਵਾਂ ਕਰਨ ਲਈ ਪ੍ਰੇਰਦੇ ਰਹਿੰਦੇ ਹਨ।

ਦੋਸਤੋ, ਜਦ ਤੋਂ ਮੈਂ ਇੰਟਰਨੈੱਟ ਨਾਲ ਜੁੜਿਆ ਹਾਂ ਅਤੇ ਜਿਹਨਾਂ ਦੋਸਤਾਂ ਨਾਲ ਉਸ ਜਰੀਏ ਮੇਰਾ ਰਾਬਤਾ ਹੋਇਆ, ਉਸ ਨਾਲ ਮੇਰੇ ਵਿਚ ਇਕ ਨਵੀਂ ਰੂਹ ਫੂਕੀ ਗਈ। ਉਹਨਾਂ ਵਿਚ ਸਤਿਕਾਰਯੋਗ ਤਰਲੋਕ ਸਿੰਘ ਜੱਜ, ਡਾ. ਸ਼ੁਸ਼ੀਲ ਰਹੇਜਾ, ਜਸਵਿੰਦਰ ਮਹਿਰਮ, ਦੀਪ ਜ਼ੀਰਵੀ, ਪ੍ਰਿੰਸ ਧੁੰਨਾ ਆਦਿ ਸ਼ਾਮਿਲ ਹਨ ਜੋ ਲੱਗਭਗ ਰੋਜ਼ਾਨਾ ਮੇਰੇ ਨਾਲ ਸੰਪਰਕ ਵਿਚ ਰਹਿੰਦੇ ਹਨ। ਮੈਂ ਉਹਨਾਂ ਦਾ ਧੰਨਵਾਦੀ ਹਾਂ ਕਿ ਉਹਨਾਂ ਮੈਨੂੰ ਆਪਣੀ ਦੋਸਤੀ ਦੇ ਕਾਬਿਲ ਸਮਝਿਆ ਅਤੇ ਸਾਹਿਤਕ ਮਾਨਤਾ ਪ੍ਰਦਾਨ ਕੀਤੀ। ਇੰਟਰਨੈੱਟ ਸਾਧਨ ਰਾਹੀਂ ਹੀ ਬਹੁਤ ਸਾਰੀਆਂ ਪੰਜਾਬੀ ਸਾਈਟਾਂ/ਬਲਾਗਾਂ ਰਾਹੀਂ ਮੇਰੀ ਗਜ਼ਲ ਪੂਰੀ ਦੁਨੀਆ ਦੇ ਪੰਜਾਬੀ ਸਾਹਿਤਕ ਪ੍ਰੀਵਾਰ ਤੱਕ ਪਹੁੰਚ ਸਕੀ। ਸ੍ਰ. ਗੁਰਮੁੱਖ ਸਿੰਘ ਭੁੱਲਰ (ਪੰਜਾਬੀ ਲੇਖਕ ਡਾਟ ਕਾਮ) ਇਹਨਾਂ ਵਿਚੋਂ ਪ੍ਰਮੁੱਖ ਹਨ। ਇਹਨਾਂ ਤੋਂ ਇਲਾਵਾ ਤਨਦੀਪ ਤਮੰਨਾ (ਪੰਜਾਬੀ ਆਰਸੀ) ਅਤੇ ਅਜ਼ੀਮ ਸ਼ੇਖਰ ਜੀ ਦਾ ਵੀ ਧੰਨਵਾਦੀ ਹਾਂ ਕਿ ਉਹ ਪ੍ਰਦੇਸ ਰਹਿੰਦੇ ਹੋਏ ਵੀ ਬੜੇ ਨੇੜੇ ਲੱਗਦੇ ਹਨ।

ਅੰਤ ਵਿਚ ਮੈਂ ਸ਼ੁਕਰਗੁਜ਼ਾਰ ਹਾਂ ਆਪਣੇ ਪ੍ਰੀਵਾਰ ਦੇ ਸਾਰੇ ਮੈਂਬਰਾਂ ਦਾ ਜਿਨ੍ਹਾਂ ਨੇ ਮੇਰੇ ਇਸ ਕਾਰਜ ਨੂੰ ਸੰਪੰਨ ਬਣਾਉਣ ਲਈ ਹਰ ਤਰ੍ਹਾਂ ਦਿਲੋਂ ਮਨੋਂ ਸਵੀਕਾਰਿਆ ਹੈ।

ਗ਼ਜ਼ਲ ਬਾਰੇ ਇਥੇ ਮੈਂ ਕੁਝ ਨਹੀਂ ਕਹਿਣਾ। ਇਸਦਾ ਫੈਸਲਾ ਮੇਰੇ ਸਾਹਿਤ ਪ੍ਰੇਮੀ ਦੋਸਤਾਂ ਅਤੇ ਅਲੋਚਕਾਂ ਨੇ ਖ਼ੁਦ ਕਰਨਾ ਹੈ।

ਮਿਤੀ: ਮਈ 04, 2011

(ਬਲਜੀਤ ਪਾਲ ਸਿੰਘ)

## ਤਲਿੱਸਮੀ ਅਨੁਭੂਤੀਆਂ ਦਾ ਸ਼ਾਇਰ : ਬਲਜੀਤ ਪਾਲ ਸਿੰਘ

ਬਲਜੀਤ ਪਾਲ ਸਿੰਘ ਮਾਲਵੇ ਖੇਤਰ ਦਾ ਐਸਾ ਸ਼ਾਇਰ ਹੋ ਨਿਬੜਿਆ ਹੈ ਜਿਸਦੇ ਅਨੇਕਾਂ ਸ਼ਿਅਰਾਂ ਵਿਚ ਤਲਿੱਸਮੀ ਅਨੁਭੂਤੀਆਂ ਵਿਗਸਦੀਆਂ ਹਨ। ਪੰਜਾਬੀ ਗ਼ਜ਼ਲ ਦਾ ਭਵਿੱਖ ਇਸ ਕਰਕੇ ਰੌਸ਼ਨ ਹੈ ਕਿ ਇਸ ਵਿਚ ਨਵੇਂ ਭਾਵ-ਬੋਧ ਅਤੇ ਨਵੀਆਂ ਸੰਭਾਵਨਾਵਾਂ ਦੇ ਸ਼ਾਇਰ ਮਾਣ ਨਾਲ ਸ਼ਾਮਿਲ ਹੋ ਰਹੇ ਹਨ। ਬਲਜੀਤ ਪਾਲ ਸਿੰਘ ਇਕ ਗ਼ਜ਼ਲਕਾਰ ਹੈ ਜਿਸ ਨੇ ਆਪਣੇ ਸ਼ਿਅਰਾਂ ਵਿਚ ਨਵੀਨਤਾ ਅਤੇ ਨਫਾਸਤ ਨੂੰ ਮੁੱਖ ਸਥਾਨ ਦਿੱਤਾ ਹੈ। ਸ਼ਾਇਰ ਭਾਵੇਂ ਗ਼ਜ਼ਲ-ਖੇਤਰ ਵਿਚਲੀ ਸਥਾਪਤੀ ਵੱਲ ਪੇਸ਼ਗੋਈ ਕਰ ਰਿਹਾ ਹੈ ਪ੍ਰੰਤੂ ਉਹ ਕਾਫੀ ਜਾਣਿਆ ਪਛਾਣਿਆ ਹੈ। ਅਸਲ ਵਿਚ ਪੰਜਾਬੀ ਸਾਹਿਤ ਵਿਚ ਰਵਾਇਤੀ ਖੇਤਰ ਦੇ ਨਾਲ ਨਾਲ ਇੰਟਰਨੈਟ ਦਾ ਸ਼ਕਤੀਸ਼ਾਲੀ ਖੇਤਰ ਵੀ ਪੂਰੀ ਤਰ੍ਹਾਂ ਸਰਗਰਮ ਹੈ। ਪ੍ਰਚਲਤ ਅਖਬਾਰਾਂ ਅਤੇ ਸਾਹਿਤਕ ਰਿਸਾਲਿਆਂ ਦੀ ਦੁਨੀਆਂ ਤੋਂ ਪੂਰਾ ਇਕ ਇੰਟਰਨੈਟ ਸੰਸਾਰ ਵੀ ਪੂਰੀ ਸਰਗਰਮੀ ਨਾਲ ਵਿਚਰ ਰਿਹਾ ਹੈ। ਸਮਰੱਥਾਵਾਨ ਸ਼ਾਇਰ ਦੂਸਰੀ ਦੁਨੀਆਂ ਵਿਚ ਆਪਣੀ ਜਾਣ ਪਛਾਣ ਬਣਾ ਚੁੱਕੇ ਹਨ ਜਿਨ੍ਹਾਂ 'ਚੋਂ ਇਕ ਬਲਜੀਤ ਪਾਲ ਵੀ ਹੈ। ਉਂਜ ਉਸਦਾ ਪਹਿਲਾ ਕਾਵਿ ਸੰਗ੍ਰਹਿ 'ਕੰਡਿਆਲੀ ਰੁੱਤ' 1994 ਵਿਚ ਛਪਿਆ ਅਤੇ ਉਸ ਉਪਰੰਤ ਪੂਰੇ 10 ਸਾਲ ਦੇ ਵਾਕਫੇ ਨਾਲ ਉਸ 'ਸੂਰਜ ਦੇ ਪਿਛਵਾੜੇ' ਨਾਮ ਦਾ ਗ਼ਜ਼ਲ ਸੰਗ੍ਰਹਿ ਪੰਜਾਬੀ ਪਾਠਕਾਂ ਨੂੰ ਸੌਂਪਿਆ ਸੀ। 'ਸੂਰਜ ਦੇ ਪਿਛਵਾੜੇ' ਦੇ ਪ੍ਰਕਾਸ਼ਤ ਹੋਣ ਤੋਂ ਕਰੀਬ ਦਸ ਸਾਲ ਬਾਅਦ ਹਥਲਾ ਉੱਚ ਪਾਏ ਦਾ ਗ਼ਜ਼ਲ ਸੰਗ੍ਰਹਿ **'ਬੁੱਤਾਂ ਵਰਗੇ ਲੋਕ'** ਪ੍ਰਕਾਸ਼ਤ ਹੋਣ ਜਾ ਰਿਹਾ ਹੈ।

ਪੰਜਾਬੀ ਗ਼ਜ਼ਲ ਦਾ ਇਤਿਹਾਸ ਲਿਖਣ ਲੱਗਿਆਂ ਕੁਝ ਅਕਾਦਮਿਕ ਗੱਲਾਂ ਜ਼ਰੂਰ ਲਿਖੀਆਂ ਜਾਂਦੀਆਂ ਹਨ ਕਿ 'ਗ਼ਜ਼ਲ ਦੇ ਲੁਗਾਤੀ ਅਰਥ ਪਰਦੇ ਅੰਦਰ ਔਰਤਾਂ ਨਾਲ ਗੱਲਾਂ ਕਰਨਾ ਹੈ। ਕੁਝ ਲੋਕ ਇਸ ਸ਼ਬਦ ਦਾ ਨਿਕਾਸ 'ਗਜ਼ਾਲਾ' ਤੋਂ ਵੀ ਮੰਨਦੇ ਹਨ। ਗਜ਼ਾਲਾ ਦਾ ਭਾਵ ਕਿਸੇ ਜ਼ਖ਼ਮੀ ਹਿਰਨੋਟੜੇ ਦੀ ਦਰਦੀਲੀ ਚੀਖ ਹੁੰਦਾ ਹੈ।....ਗ਼ਜ਼ਲ ਮੱਕੇ ਅਤੇ ਮਦੀਨੇ ਤੋਂ ਪੈਦਾ ਹੋਇਆ ਕਾਵਿ ਰੂਪ ਹੈ। ਇਹ ਅਰਬੀ ਸਾਹਿਤ ਦੀ ਸਰੋਦੀ ਵਿਧਾ ਸੱਤਵੀਂ ਸਦੀ ਵਿਚ ਹੋਂਦ ਵਿਚ ਆਈ। ਗ਼ਜ਼ਲ ਸ਼ੁਰੂ ਵਿਚ ਦੋ ਤਰ੍ਹਾਂ ਦਾ ਸੀ, ਇਕ ਬਿਲਕੁਲ ਧਾਰਮਿਕ ਅਤੇ ਇਕ ਲੋਕਾਚਾਰ ਦੀ ਅਨੁਆਈ।...ਗ਼ਜ਼ਲ ਇਰਾਨ ਰਾਹੀਂ ਹੁੰਦੀ ਉਰਦੂ ਦੇ ਮੋਢਿਆਂ ਉਪਰ ਚੜ੍ਹ ਕੇ ਪੰਜਾਬ ਵਿਚ ਆਈ....ਪੰਜਾਬੀ ਗ਼ਜ਼ਲ ਦਾ ਇਤਿਹਾਸ ਲਿਖਣ ਵਾਲੇ ਇਹ ਵੀ ਲਿਖਦੇ ਹਨ ਕਿ ਪੰਜਾਬੀ ਭਾਸ਼ਾ ਵਿਚ ਗ਼ਜ਼ਲ ਉਰਦੂ ਵਲੋਂ ਆਈ। ਏਸੇ ਕਰਕੇ ਪੰਜਾਬੀ ਗ਼ਜ਼ਲ ਨੂੰ ਵੀ ਜਾਗੀਰਦਾਰੀ ਦੌਰ ਦਾ ਹੀ ਇਕ ਕਾਵਿ ਰੂਪ ਕਹਿ ਦਿੱਤਾ ਜਾਂਦਾ ਰਿਹਾ ਹੈ। ਕਿਹਾ ਜਾਂਦਾ ਹੈ ਕਿ ਗ਼ਜ਼ਲ ਰਜਵਾੜਾਸ਼ਾਹੀ ਤੋਂ ਅਗਲੇ ਦੌਰ ਜਾਗੀਰਦਾਰੀ ਸਿਸਟਮ ਵਿਚ, ਹਵੇਲੀਆਂ ਵਿਚ ਅਯਾਸ਼ ਜਾਗੀਰਦਾਰ ਸ਼ਰਾਬ ਅਤੇ ਸ਼ਬਾਬ ਦੇ ਦੌਰ ਚਲਾਉਂਦੇ

ਜਿੱਥੇ ਅੱਲ੍ਹੜ ਕੁੜੀਆਂ ਅਤੇ ਅਲੂਏਂ ਮੁੰਡੇ ਵੀ ਲਿੰਗਕ ਅਯਾਸ਼ੀ ਦਾ ਸਾਧਨ ਹੁੰਦੇ। ਮੁਜਰੇ ਲੱਗਦੇ। ਜਾਗੀਰਦਾਰਾਂ ਦੇ ਵਜੀਫਾ ਖਾਹ ਸ਼ਾਇਰ ਇਸ ਅਯਾਸ਼ੀ ਭਰੇ ਵਾਤਾਵਰਣ ਨੂੰ ਹੋਰ ਸੰਧੂਰੀ ਬਣਾਉਣ ਲਈ ਗ਼ਜ਼ਲ ਦੇ ਸ਼ਿਅਰ ਕਹਿੰਦੇ ਅਤੇ ਅਯਾਸ਼ੀ ਭਰੇ ਇਸ ਵਰਤਾਰੇ ਨੂੰ ਮਾਨਸਿਕ ਮਾਨਤਾ ਦਿਵਾਉਂਦੇ। ਸ਼ਬਾਬ ਨੂੰ ਆਤਮ ਸਮਰਪਣ ਲਈ ਪ੍ਰੇਰਦੇ। ਐਸੇ ਮੌਕੇ ਉਤੇ ਜੋ ਸ਼ਿਅਰ ਕਹੇ ਜਾਂਦੇ ਉਹਨਾਂ ਵਿਚ ਸਾਕੀ, ਜਾਮ, ਸੁਰਾਹੀ, ਗੋਰੀਆਂ ਗੱਲ੍ਹਾਂ, ਕਾਲੀਆਂ ਜ਼ੁਲਫਾਂ, ਗੋਰੀਆਂ ਬਾਹਾਂ, ਔਰਤਾਂ ਦੀ ਠੋਡੀ ਦੇ ਤਿਲ, ਪਤਲੇ ਲੱਕ ਅਤੇ ਤਿੱਖੇ ਨੱਕ ਆਦਿ ਦੇ ਹੀ ਚਰਚੇ ਹੁੰਦੇ। ਪ੍ਰੰਤੂ ਐਸੀ ਸਥਿਤੀ ਪੰਜਾਬ ਵਿਚ ਨਹੀਂ ਸੀ। ਪੰਜਾਬੀ ਸਮਾਜ ਬਾਬੇ ਨਾਨਕ ਦੀਆਂ ਦਰਸਾਈਆਂ ਲੀਹਾਂ ਤੇ ਗਾਮਜਨ ਸੀ। ਜਦ ਗ਼ਜ਼ਲ ਨੇ ਪੰਜਾਬੀ ਵਿਚ ਉਤਾਰਾ ਕੀਤਾ ਤਦੋਂ ਪੰਜਾਬੀ ਸਮਾਜ ਦਸ਼ਮੇਸ਼ੀ ਰੰਗ ਵਿਚ ਰੰਗਿਆ ਜਾ ਚੁੱਕਾ ਸੀ, ਪੰਜਾਬ ਵਿਚ ਤਦੋਂ ਜੋ ਪੰਜਾਬੀ ਕਵਿਤਾ ਲੋਕਾਂ ਵਿਚ ਪ੍ਰਚਲਤ ਤੇ ਹਰਮਨ ਪਿਆਰੀ ਸੀ ਉਸ ਵਿਚ ਦੋਹੜਾ, ਸੀਹਰਫੀ, ਬਾਰਾਮਾਹ, ਸਤਵਾਰਾ ਅਤੇ ਥਿਤੀ ਕਾਵਿ ਰੂਪਾਂ ਵਿਚ ਕਾਵਿ ਪ੍ਰਗਟਾਅ ਪ੍ਰਚਲਤ ਸੀ। ਇਹਨਾਂ ਪੰਜਾਬੀ ਕਾਵਿ ਰੂਪਾਂ ਦੇ ਸਰੋਕਾਰ ਅਤੇ ਲੱਛਣ ਰਵਾਇਤੀ ਉਰਦੂ ਗ਼ਜ਼ਲ ਤੋਂ ਬਿਲਕੁਲ ਭਿੰਨ ਸਨ। ਕੁਦਰਤੀ ਹੀ ਇਹਨਾਂ ਕਾਵਿ ਰੂਪਾਂ ਵਿਚ ਪੰਜਾਬੀ ਸੁਭਾਅ ਅਨੁਸਾਰ ਖੁੱਲ੍ਹਾ ਖੁਲਾਸਾਪਣ, ਕਿਰਤ ਪ੍ਰਤੀ ਸ਼ਰਧਾ, ਦੀਨ ਦੁਖੀਆਂ ਲਈ ਜਾਨ ਤਲੀ ਤੇ ਧਰਨਾ ਅਤੇ ਮਨੁੱਖਤਾ ਪ੍ਰਤੀ ਸਮਰਪਿਤ ਭਾਵਨਾਵਾਂ ਦਾ ਇੰਤਜ਼ਾਰ ਮੁੱਖ ਤੌਰ ਉੱਤੇ ਹੋ ਰਿਹਾ ਸੀ। ਪੰਜਾਬੀ ਗ਼ਜ਼ਲ ਉਰਦੂ ਸਦੀ ਵਿਚ ਪੰਜਾਬੀ ਵਿਚ ਆ ਗਈ ਸੀ। ਪਰ ਇਹ ਗ਼ਜ਼ਲ ਉਰਦੂ ਵਲੋਂ ਹੋ ਕੇ ਨਹੀਂ ਸੀ ਆਈ ਸਗੋਂ ਇਸ ਦਾ ਖੇਤਰ ਤੇ ਕਾਵਿ ਬਣਤਰ ਪੰਜਾਬੀ ਦਾ ਕਾਵਿ ਪ੍ਰੰਪਰਾ ਸੀ। ਸਾਡੇ ਖ਼ਿਆਲ ਵਿਚ ਜੇਕਰ ਪਾਕਿਸਤਾਨੀ ਗ਼ਜ਼ਲਕਾਰਾਂ ਨੇ ਬਾਬਾ ਫਰੀਦ ਨੂੰ ਪੰਜਾਬੀ ਗ਼ਜ਼ਲ ਦਾ ਮੋਢੀ ਮੰਨ ਲੈਣ ਵਿਚ ਮਾਣ ਪ੍ਰਾਪਤ ਕੀਤਾ ਹੈ ਤਾਂ ਇਸ ਵਿਚ ਕੋਈ ਅਤਕਥਨੀ ਨਹੀਂ। ਮੈਂ ਪਹਿਲਾਂ ਵੀ ਕਈ ਵਾਰ ਇਹ ਕਹਿ ਚੁੱਕਾ ਹਾਂ ਕਿ ਪੰਜਾਬੀ ਗ਼ਜ਼ਲ ਨੇ ਬਿਨਾਂ ਸ਼ੱਕ ਬਾਹਰੀ ਢਾਂਚਾ ਤਾਂ ਭਾਵੇਂ ਅਰਬੀ ਫਾਰਸੀ ਜਾਂ ਉਰਦੂ ਵਲੋਂ ਗ੍ਰਹਿਣ ਕੀਤਾ ਹੋਵੇ ਪਰ ਇਸ ਦੀ ਅੰਤਰ ਆਤਮਾ ਆਪਦੇ ਜਨਮ ਤੋਂ ਹੀ ਪੰਜਾਬੀ ਸਮਾਜ ਦੇ ਕਾਵਿ ਮੁਖੜੇ ਨਾਲ ਮੇਲ ਖਾਂਦੀ ਸੀ। ਸਰੀਰ ਬਿਨਾਂ ਆਤਮਾ ਨਹੀਂ। ਗ਼ਜ਼ਲ ਦਾ ਸਰੀਰ ਬਾਹਰੀ ਢਾਂਚਾ ਸੀ ਪ੍ਰੰਤੂ ਇਸ ਦੀ ਆਤਮਾ ਪੰਜਾਬੀ ਸਰੋਕਾਰ ਹੀ ਸਨ। ਉਂਜ ਵੀ ਸੰਸਕ੍ਰਿਤ ਪਰਿਵਾਰ ਦੀਆਂ ਬਾਕੀ ਭਾਸ਼ਾਵਾਂ ਵਿਚ ਗ਼ਜ਼ਲ ਦੇ ਪੰਜਾਬੀ ਵਾਂਗ ਰੁੱਖ ਬੋਹੜ ਨਹੀਂ ਬਣੇ ਤਾਂ ਇਸ ਦਾ ਕਾਰਨ ਪੰਜਾਬੀ ਲੋਕ ਕਾਵਿ ਵਿਚ ਗ਼ਜ਼ਲ ਦੇ ਮਿਸਰਿਆਂ ਦਾ ਪਹਿਲਾਂ ਤੋਂ ਹੀ ਪ੍ਰਚਲਤ ਹੋਣਾ ਸੀ। 'ਕਬਰਾਂ ਉਡੀਕਦੀਆਂ ਜਿਉਂ ਪੁੱਤਰਾਂ ਨੂੰ ਮਾਵਾਂ' ਅਤੇ

ਗੈਰਾਂ ਦਿਆਂ ਵੱਟਿਆਂ ਦੀ ਸਾਨੂੰ ਪੀੜ ਰਤਾ ਨਾ ਹੋਈ
ਸੱਜਣਾਂ ਨੇ ਫੁੱਲ ਮਾਰਿਆ ਸਾਡੀ ਰੂਹ ਅੰਬਰਾਂ ਤੱਕ ਰੋਈ....

ਵਰਗੇ ਕਾਵਿ ਮਿਸਰੇ ਅਤੇ ਹਜ਼ਾਰਾਂ ਹੋਰ ਇਸ ਦੀ ਉਘੜਵੀਂ ਮਿਸਾਲ ਹੈ।

ਪੰਜਾਬੀ ਗ਼ਜ਼ਲ ਆਪਣੇ ਜਨਮ ਤੋਂ ਹੀ ਵਿਕਲੋਤਰੀ ਹੈ। ਇਸ ਦੀ ਤੁਲਨਾਂ ਉਰਦੂ ਨਾਲ ਕਰਨੀ ਬੇਤੁਕੀ ਗੱਲ ਹੈ। ਪੰਜਾਬੀ ਗ਼ਜ਼ਲ ਨੇ ਉਹਨਾਂ ਗ਼ਜ਼ਲ ਚਿੰਤਕਾਂ ਨੂੰ ਝਿੜਕ ਦਿੱਤਾ ਹੈ ਜੋ ਉਸਦਾ ਚਿਹਰਾ ਉਰਦੂ ਗ਼ਜ਼ਲ ਨਾਲ ਰਲਗੱਡ ਕਰਦੇ ਹਨ। ਪੰਜਾਬੀ ਗ਼ਜ਼ਲ ਨੇ ਬਹਿਰ ਤੇ ਛੰਦ ਵੀ ਉਹੀ ਅਪਣਾਏ ਜਿਹੜੇ ਪੰਜਾਬੀਆਂ ਦੇ ਸੁਰ-ਸੁਰਤੀ ਵਿਚ ਪਹਿਲਾਂ ਤੋਂ

ਹੀ ਸਮਾਏ ਹੋਏ ਸਨ। ਇਸੇ ਲਈ ਪੰਜਾਬੀ ਗ਼ਜ਼ਲ ਨੇ ਉਹ ਮੱਲਾਂ ਮਾਰੀਆਂ ਹਨ ਕਿ ਗ਼ਜ਼ਲ ਦੇ ਵਿਰੋਧੀ ਤਾਂ ਇਕ ਪਾਸੇ ਇਸ ਦੇ ਆਸ਼ਿਕ ਵੀ ਹੈਰਾਨ ਹਨ।

ਪੰਜਾਬੀ ਗ਼ਜ਼ਲ ਵਿਚ ਵਿਸ਼ੇ ਪੱਖ ਤੋਂ ਸਾਰੀ ਦੁਨੀਆਂ ਸਮਾਅ ਰਹੀ ਹੈ। ਉਹ ਸਾਰੇ ਸਰਕੋਰ ਜੋ ਪੰਜਾਬੀ ਸਮਾਜ ਅਤੇ ਸੱਭਿਆਚਾਰ ਦੇ ਹਨ ਉਹ ਗ਼ਜ਼ਲ ਦੇ ਹਨ। ਅੱਜ ਪੰਜਾਬੀ ਗ਼ਜ਼ਲ ਹਰ ਵਿਸ਼ੇ ਨੂੰ ਗ਼ਜ਼ਲੀਅਤ ਵਿਚ ਢਾਲ ਕੇ ਪੇਸ਼ ਕਰਨ ਦੇ ਯੋਗ ਹੋ ਗਈ ਹੈ ਅਤੇ ਇਸ ਯੋਗਤਾ ਨੂੰ ਪੰਜਾਬੀ ਕਾਵਿ ਮਾਨਸਿਕਤਾ ਨੇ ਪ੍ਰਵਾਨ ਕੀਤਾ ਹੈ।

ਬਲਜੀਤ ਪਾਲ ਦੇ ਹਥਲੇ ਗ਼ਜ਼ਲ ਸੰਗ੍ਰਹਿ ਨੂੰ ਵੀ ਏਸੇ ਸੰਦਰਭ ਵਿਚ ਰੱਖ ਕੇ ਨਿਰਖਿਆ ਪਰਖਿਆ ਜਾ ਸਕਦਾ ਹੈ। ਉਸਦਾ ਸਾਹਿਤਕ ਸਫਰ ਭਾਵੇਂ ਬਹੁਤਾ ਲੰਮੇਰਾ ਨਹੀਂ ਪਰ ਜ਼ਿਕਰ ਯੋਗਤਾ ਰੱਖਦਾ ਹੈ। ਉਹ ਭਾਵੇਂ ਘੱਟ ਲਿਖਦਾ ਹੈ ਪਰ ਮਸਲਿਆਂ ਨੂੰ ਆਪਣੇ ਚਿੰਤਨ ਵਿਚ ਰਚਾ ਕੇ ਸ਼ਿਅਰਾਂ ਵਿਚ ਢਾਲਦਾ ਹੈ। ਏਸੇ ਕਰਕੇ ਉਸਦੇ ਸ਼ਿਅਰ ਫਾਲਤੂ ਨਹੀਂ ਅਤੇ ਨਾ ਹੀ ਭਰਤੀ ਦੇ ਹਨ। ਉਸਦੀਆਂ ਗ਼ਜ਼ਲਾਂ ਪ੍ਰੰਪਰਾ ਨਾਲ ਜੁੜਦੀਆਂ ਟੁੱਟਦੀਆਂ ਆਧੁਨਿਕ ਚੇਤੰਨਤਾ ਨਾਲ ਇਕ ਸੁਰ ਹੁੰਦੀਆਂ, ਜ਼ਮਾਨੇ ਦੇ ਦਰਦ ਨੂੰ ਆਪਣੇ ਵਿਚ ਸਮੋਂਦੀਆਂ, ਥਾਂ ਪੁਰ ਥਾਂ ਚਿਹਨਕ ਬਿਰਤਾਂਤਾਂ ਨੂੰ ਲੋਕ ਸਰੋਕਾਰਾਂ ਨਾਲ ਜੋੜਦੀਆਂ ਅਤੇ ਲੋਕਤਾ ਨੂੰ ਆਸ ਮੁਖੀ ਬਣਾਉਂਦੀਆਂ ਹਨ। ਸ਼ਾਇਰ ਕਲਪਨਾ ਦੇ ਅਥਾਹ ਨੀਲੱਤਣ ਭਰੇ ਅਸਮਾਨਾਂ ਵਿਚ ਬਾਜ਼ ਉਡਾਰੀਆਂ ਭਰਦਾ ਹੈ ਪ੍ਰੰਤੂ ਆਪਣੇ ਪੈਰਾਂ ਨੂੰ ਯਥਾਰਥ ਦੀ ਧਰਤੀ ਉਤੇ ਮਜ਼ਬੂਤੀ ਨਾਲ ਟਿਕਾ ਕੇ ਰੱਖਦਾ ਹੈ। ਉਸ ਦੇ ਸ਼ਿਅਰ ਕਮਲ ਵਾਂਗ ਚਿੱਕੜ ਤੋਂ ਨਿਰਲੇਪ ਹੁੰਦਿਆਂ ਵੀ ਨਿਰਲੇਪ ਨਹੀਂ ਤੇ ਉਸ ਵੇਗ ਦੀਆਂ ਜੜ੍ਹਾਂ ਉਸੇ ਸਮਾਜ ਵਿਚ ਹਨ ਜੋ ਸੁਹਣਾ ਵੀ ਹੈ ਅਤੇ ਕੋਹਜ ਵੀ ਛੁਪਾਈ ਫਿਰਦਾ ਹੈ। ਜੇਕਰ ਸ਼ਾਇਰ ਵਾਸਤੇ ਪਰੇ ਤੱਕ ਤਪਦਾ ਰੇਗਿਸਤਾਨ ਹੈ ਤਾਂ ਉਹ ਸੁਹਣੇ ਤੇ ਛੈਲ ਛਾਵਾਂ ਵਾਲੇ ਨਖਲਿਸਤਾਨਾਂ ਦੀ ਵੀ ਨਿਸ਼ਾਨਦੇਹੀ ਕਰਦਾ ਹੈ ਤਾਂ ਕਿ ਜ਼ਿੰਦਗੀ ਦੇ ਕਾਫਿਲੇ ਸਦਾ ਸਦਾ ਮੰਜ਼ਿਲਾਂ ਵੱਲ ਵਧਦੇ ਰਹਿਣ। ਆਓ ਉਸਦੇ ਕੁਝ ਸ਼ਿਅਰ ਪੜ੍ਹਦੇ ਹਾਂ ਜੋ ਆਪਣੇ ਅੰਦਰ ਵੱਡੇ ਸਿਲਸਿਲੇ ਰੱਖਦੇ ਹਨ :

* ਕਿਵੇਂ ਘਰ ਕਹਿ ਦਿਆਂ ਦੱਸੋ ਇਨ੍ਹਾਂ ਇੱਟਾਂ ਤੇ ਗਾਰੇ ਨੂੰ
ਇਹਦੇ ਵਿਚ ਜ਼ਿੰਦਗੀ ਕਟਦੀ ਸੱਦਾ ਬਨਵਾਸ ਰਹੇਗੀ

* ਮਿਲਿਆ ਨਾ ਗੁਲਦਸਤਾ ਨਾ ਹਿੰਮਤ ਹਾਰੀ ਮੈਂ
ਖਾਰਾਂ ਦੇ ਨਾਲ ਆਪਣਾ ਕਮਰਾ ਸਜਾ ਲਿਆ ਹੈ

* ਵਕਤ ਦੇ ਨਾਮ ਯਾਰੋ ਸਾਫ ਵਸੀਅਤ ਲਿਖਣਾ
ਸੱਚ ਦੀ ਹਾਮੀ ਭਰਨੀ ਝੂਠ ਨੂੰ ਲਾਅਨਤ ਲਿਖਣਾ

* ਕਾਗਜ਼ ਕਾਲੇ ਕਰਨਾ ਹੈ ਤੁਹਾਡਾ ਸ਼ੌਕ ਐਪਰ
ਦਿਸਦਾ ਜਿਹੜੀ ਸਾਹਵੇਂ ਉਹ ਵੀ ਹਕੀਕਤ ਲਿਖਣਾ

* ਕੀੜੇ ਮਕੌੜੇ ਇਸ ਧਰਤੀ ਦੇ ਅੰਤਿਮ ਵਾਰਿਸ ਨੇ
ਥੋੜਾ ਸਮਾਂ ਹੀ ਇਸਤੇ ਕਾਬਜ ਇਨਸਾਨ ਰਿਹਾ ਹੈ

* ਹਰ ਯੁੱਗ ਵਿਚ ਪੈਦਾ ਹੋਈਆਂ ਲੂਣਾਂ ਤੇ ਇੱਛਰਾਂ
ਹਰ ਯੁੱਗ ਵਿਚ ਆਉਂਦਾ ਪੂਰਨ ਸਲਵਾਨ ਰਿਹਾ ਹੈ

* ਕੋਈ ਸ਼ਰਬਤੀ ਨਿਗ੍ਹਾ ਸਵੱਲੀ ਹੋ ਜਾਂਦੀ ਤਾਂ
ਕਿਰਨ ਸੁਨਹਿਰੀ ਅੱਖਾਂ ਅੰਦਰ ਭਰ ਲੈਣੀ ਸੀ

* ਸ਼ੋਰ ਮਸ਼ੀਨਾਂ ਦੇ ਵਿਚ ਝਾਂਜਰ ਗੁੰਮ ਗਈ ਹੈ
ਝੂਠਾ ਕਿੱਸਾ ਕਿੱਦਾਂ ਛਣਕਾਰ ਜਿਹਾ ਲਿਖੀਏ

* ਅਸੀਂ ਖੜ੍ਹੇ ਹਾਂ ਬਿਰਖਾਂ ਵਾਂਗ
ਉਹ ਮਿਲਦੇ ਨੇ ਮੌਸਮਾਂ ਵਾਂਗੂੰ

* ਜੀਵਨ 'ਚ ਮੇਰੇ ਰਹੀਆਂ ਨੇ ਉਲਝਣਾਂ ਹੀ ਹੋਰ
ਕਿੱਦਾਂ ਮੈਂ ਦੱਸ ਤੇਰੀਆਂ ਜ਼ੁਲਫਾਂ ਸਵਾਰਦਾ

* ਜੀ ਤਾਂ ਕਰਦਾ ਬੀਤ ਗਿਆ ਜੋ ਕੱਲ੍ਹ ਹੋ ਜਾਈਏ
ਭੁੱਲੇ ਵਿਸਰੇ ਸਮੇਂ ਦੀ ਕੋਈ ਗੱਲ ਹੋ ਜਾਈਏ

* ਇਕ ਕਿਣਕੇ ਤੋਂ ਬਣਨਾ ਹੈ ਅਜੇ ਅਥਾਹ ਸ਼ਕਤੀ
ਚਲੋ ਕਿ ਤੁਰਦੇ ਕਾਫਿਲੇ ਵਿਚ ਸ਼ਾਮਿਲ ਹੋ ਜਾਈਏ

* ਬੜੇ ਹੀ ਰੰਗ ਕੁਦਰਤ ਨੇ ਮੇਰੇ ਮੂਹਰੇ ਬਖੇਰੇ ਸੀ
ਕੋਈ ਵੀ ਰੰਗ ਆਪਣੇ ਵਾਸਤੇ ਮੈਂ ਛੂਹ ਨਹੀਂ ਸਕਿਆ

* ਪਾਣੀ ਦਿੰਦਾ ਰਹਿੰਦਾ ਹਾਂ ਫਿਰ ਵੀ ਤਿਰਹਾਏ ਰਹਿੰਦੇ ਨੇ
ਕੁਝ ਪੌਦੇ ਉਸਦੀ ਯਾਦ 'ਚ ਹੀ ਕੁਮਲਾਏ ਰਹਿੰਦੇ ਨੇ

* ਬੋਹੜ, ਪਿੱਪਲ ਦਾ ਵੀ ਹਿਰਦਾ ਦਹਿਲਿਆ ਹੈ
ਇਕ ਕਲੋਨੀ ਦੇ ਉਹ ਨਕਸ਼ੇ ਵਾਹ ਗਏ ਹੁਣ

* ਸਾੜ੍ਹਸਤੀ ਦਾ ਮੌਸਮ ਐਨਾ ਨੇੜੇ ਆਇਆ ਹੈ
  ਹਰ ਫੁੱਲ ਸਦਮੇ ਅੰਦਰ ਹਰ ਪੌਦਾ ਮੁਰਝਾਇਆ ਹੈ

* ਉੱਠ ਕੇ ਜਿੰਨਾ ਸਵੇਰੇ ਸਿਰਫ਼ ਕਹਿਣੈ 'ਜੀ ਹਜ਼ੂਰ'
  ਕੀ ਕਰਾਂਗੇ ਉਹਨਾਂ ਤਾਈ ਸੁੱਤਿਆਂ ਉਠਾਲ ਕੇ ?

* ਧਰਤ ਦਾ ਵਾਰਿਸ ਹੈ ਏਥੇ ਹੋਰ ਕੋਈ ਹੋ ਗਿਆ
  ਇਸ ਦਾ ਸੀਨਾ ਠਾਰੀਏ ਕਿਰਸਾਨ ਬਣਕੇ ਆ ਜ਼ਰਾ

ਉਪਰੋਕਤ ਸ਼ਿਅਰਾਂ ਵਿਚ ਬੜੇ ਡੂੰਘੇ ਗ਼ਜ਼ਲ ਪੱਖ ਦੀ ਸੀਮਾ ਤੋਂ ਪਾਰ ਚਿਹਨਕ ਦੇ ਮੰਡਲਾਂ ਵਿਚ ਪ੍ਰਵਾਹਰਤ ਹੋ ਚੁੱਕੀ ਹੈ। ਏਹੀ ਉਸਦੀ ਮੌਲਿਕ ਪ੍ਰਾਪਤੀ ਵੀ ਹੈ। ਉਸ ਦੇ ਸ਼ਿਅਰ ਮੌਜੂਦਾ ਸਥਿਤੀ ਦੇ ਪ੍ਰਸੰਗਾਂ ਵਿਚ ਬਹੁਦਿਸ਼ਾਵੀ ਵਿਸ਼ਿਆਂ ਦੇ ਧਾਰਣੀ ਹਨ। ਮਿਸਾਲ ਲਈ ਉਸਦਾ ਹੇਠਲਾ ਸ਼ਿਅਰ ਹੈ ਕਿ :

ਸ਼ਾਮ ਢਲੀ ਤਾਂ ਬਸਤੀ ਵਿਚ ਹਨੇਰਾ ਪੱਸਰ ਗਿਆ
ਤੇਰੀਆਂ ਸੜਕਾਂ ਤੇ ਹੁੰਦੀ ਜਗਮਗ ਦਾ ਕੀ ਕਰੀਏ ?

ਏਥੇ ਬਸਤੀ ਦਾ ਹਨੇਰਾ ਬਿਨ ਲਾਟੂਆਂ ਤੇ ਬਿਜਲੀ ਦਾ ਹਨੇਰਾ ਹੀ ਨਹੀਂ ਅਤੇ ਨਾ ਅਗਿਆਨਤਾ ਦਾ ਹੀ ਹੈ ਸਗੋਂ ਇਹ ਲੁੱਟ-ਖਸੁੱਟ ਬੇਇਨਸਾਫੀ, ਰਾਜਨੀਤਕ ਅਨਾਰਕੀ, ਅਨੈਤਿਕ ਵਿਹਾਰ ਅਤੇ ਛਲ ਕਪਟ ਦਾ ਵੀ ਪ੍ਰਤੀਕ ਹੈ। 'ਤੇਰੀਆਂ ਸੜਕਾਂ' ਦਾ ਬਿੰਬ ਇਸ ਗੱਲ ਦਾ ਪ੍ਰਤੀਕ ਹੈ ਕਿ ਵਿਵਸਥਾ ਦੇ ਰਾਹ ਵਿਚ ਕੋਈ ਰੁਕਾਵਟ ਨਹੀਂ ਤੇ ਚਾਨਣ ਉਸਦਾ ਰਖਵਾਲਾ ਹੈ ਭਾਵੇਂ ਕਿ ਵਿਵਸਥਾ ਘੋਰ ਅਨੈਤਕਤਾਵਾਦੀ ਹੀ ਕਿਉਂ ਨਹੀਂ।

ਉਤਰ ਕਾਟੋ ਮੈਂ ਚੜ੍ਹਾਂ ਵਾਂਗ ਪੰਜਾਬ ਵਿਚ ਵੀ ਤੇ ਕੇਂਦਰ ਵਿਚ ਵੀ ਸਾਮਰਾਜੀ ਰਾਜਨੀਤਕ ਪਾਰਟੀਆਂ ਨੇ ਵਾਰੀਆਂ ਬੰਨ੍ਹੀਆਂ ਹੋਈਆਂ ਨੇ ਪੰਜ ਸਾਲ ਨੀਲੇ ਕੁੱਟਦੇ ਤੇ ਲੁੱਟਦੇ ਨੇ, ਅਗਲੇ ਪੰਜ ਸਾਲ ਚਿੱਟੇ ਵੀ ਇਹੀ ਕਾਰਜ ਕਰਦੇ ਨੇ : ਲੋਕ ਹਿਤੂ ਦਾਅਵਾਕਾਰੀ ਕਿੱਥੇ ਹਨ ?

ਇਕ ਕਾਲੀ ਘਟਾਅ ਆਈ ਪਰ ਮੁੜ ਗਈ ਬਿਨਾ ਬਰਸੇ,
ਬੱਦਲ ਜੋ ਰੂਹਾਂ ਸਾਰੇ ਇਕ ਵਾਰ ਨਹੀਂ ਆਇਆ।

ਸਮਾਜਿਕ ਵਰਤਾਰੇ ਵਿਚ ਆਦਰਸ਼ ਅਤੇ ਫ਼ਿਲਾਸਫੀ ਵੀ ਸ਼ਕਤੀ ਵਾਲੇ ਧੜੇ ਦੀਆਂ ਹੀ ਹੋ ਕੇ ਰਹਿ ਜਾਂਦੀਆਂ ਹਨ। 'ਮਾੜੇ ਦੇ ਗੁਣ ਵਿਚੇ ਵਿੱਚ' ਰਹਿ ਜਾਂਦੇ ਹਨ। ਦਿਲ ਦੇ ਸਮਿਆਂ ਦੀ ਉਡੀਕ ਬਸ ਉਡੀਕ ਬਣ ਕੇ ਰਹਿ ਜਾਂਦੀ ਹੈ :

ਤਲੀਆਂ ਤੇ ਟਿਕਾਈ ਫਿਰਦੇ ਹਾਂ ਕੁਝ ਬਾਲ ਕੇ ਦੀਵੇ
ਨਸੀਬਾਂ ਵਿਚ ਇਹਨਾਂ ਦੇ ਬਨੇਰਾ ਕਿਉਂ ਨਹੀਂ ਹੋਇਆ

ਆਮ ਆਦਮੀ ਦਇਆਵਾਨ ਹੈ, ਉਹ ਜਜ਼ਬਾਤੀ ਹੈ ਅਤੇ ਬਿਗਾਨੇ ਦਰਦ ਨਾਲ ਪਸੀਜ ਜਾਂਦਾ ਹੈ ਜ਼ਾਲਮ ਤਾਂ ਇਹ ਗੱਦੀਆਂ ਵਾਲੇ ਹਨ ਜਿੰਨਾ ਕੋਲ ਚਰਖੜੀਆਂ ਅਤੇ ਜਲਾਦ ਹਨ :

ਸਾਡਾ ਇਹ ਪਾਗਲਪਨ ਵੇਖੋ ਅਸੀਂ ਛੇਤੀ ਘਬਰਾ ਜਾਂਦੇ
ਤਿਤਲੀ ਦੇ ਖੰਭ ਸੜੇ ਸੱਥਰ ਅਸੀਂ ਵਿਛਾਇਆ ਹੈ

ਸ਼ਾਇਰ ਇਹ ਗੱਲ ਸਿੱਧਿਆਂ ਨਹੀਂ ਕਹਿੰਦਾ ਕਿ ਸੰਗਰਾਮੀ ਲੋਕ ਧੰਨ ਹਨ ਜੋ ਘਰ ਘਾਟ ਛੱਡ ਕੇ ਦਸ਼ਮੇਸ਼ੀ ਰਾਹ ਤੇ ਪਏ ਹੋਏ ਹਨ ਉਹ ਕੁਝ ਇਸ ਤਰ੍ਹਾਂ ਬਿਆਨਦਾ ਹੈ :

ਉਹ ਨੇ ਅਣਥੱਕ ਪਾਂਧੀ ਉਹਨਾਂ ਤੋਂ ਬਲਿਹਾਰੇ ਜਾਵਾਂ ਮੈਂ
ਮਾਰੂਥਲ ਦੀ ਆਤਿਸ਼ ਵਿਚ ਜੋ ਖਿੜੇ ਖਿੜਾਏ ਰਹਿੰਦੇ ਨੇ

ਹਜ਼ਾਰਾਂ ਸਾਲਾਂ ਤੋਂ ਇਹ ਕੋਸ਼ਿਸ਼ਾਂ ਜਾਰੀ ਹਨ ਕਿ ਪਿੰਡਾਂ ਵਿਚ ਸ਼ਹਿਰਾਂ ਵਾਲੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ ਪਰ ਇਹ ਅਖਾਉਂਤ ਕਦੇ ਝੂਠੀ ਨਹੀਂ ਪੈਂਦੀ ਕਿ 'ਖਾਈਏ ਕਣਕ ਭਾਵੇਂ ਹੋਵੇ ਜ਼ਹਿਰ ਵੱਸੀਏ ਸ਼ਹਿਰ ਭਾਵੇਂ ਹੋਵੇ ਕਹਿਰ' ਇਸ ਦੀ ਪ੍ਰਥਾਏ ਸਾਡਾ ਸ਼ਾਇਰ ਇਵੇਂ ਕਹਿੰਦਾ ਹੈ :

ਭਾਵੇਂ ਦਮ ਘੁਟਦਾ ਹੈ ਆ ਕੇ ਸ਼ਹਿਰ ਅੰਦਰ
ਫਿਰ ਵੀ ਪਿੰਡੋਂ ਲੋਕ ਸ਼ਹਿਰੀਂ ਆ ਗਏ ਹੁਣ

ਉਸਦੇ ਇਹ ਭਾਵਪੂਰਤ ਸ਼ਿਅਰ ਕੀ ਕੀ ਗੱਲ ਕਰਦੇ ਨੇ ! ਪਾਠਕ ਆਪ ਸੋਚਣ :

* ਕਿਸ ਤਰ੍ਹਾਂ ਲੱਭਾਂਗੇ ਜੁਗਨੂੰ ਦੋਸਤੋ
ਨ੍ਹੇਰਿਆਂ ਸੰਗ ਖਹਿਣ ਦੀ ਹਿੰਮਤ ਨਹੀਂ

* ਆਪਣਿਆਂ ਨੂੰ ਅਲਵਿਦਾ ਇੰਜ ਕਿਉਂ ਕਹਾਂ !
ਆਦਮੀ ਹਾਂ ਆਮ ਮੈਂ ਗੌਤਮ ਨਹੀਂ

ਸ਼ਾਇਰ ਨੂੰ ਰੰਜ ਹੈ ਕਿ ਮੰਜ਼ਿਲ ਤੇ ਪਹੁੰਚਾਉਣ ਵਾਲੇ ਰਸਤੇ ਹੁਣ ਧੂਮਲ ਹੋ ਗਏ ਹਨ ਅਤੇ ਰਿਸ਼ਤਿਆਂ ਵਿਚੋਂ ਮਿਠਾਸ ਗੁਆਚ ਗਈ ਹੈ :

ਮੰਜ਼ਿਲ ਨੂੰ ਜਾਣ ਵਾਲੀਆਂ ਰਾਹਵਾਂ ਗੁਆਚੀਆਂ
ਸੀਨੇ ਜੋ ਲਾਉਣ ਐਸੀਆਂ ਬਾਹਵਾਂ ਗੁਆਚੀਆਂ

ਜਨਤਾ ਹੌਲੀ ਹੌਲੀ ਆਪਣੀ ਅਣਖੀ ਸੰਵੇਦਨਾ ਗੁਆ ਕੇ ਜ਼ੁਲਮ ਸਹਿਣ ਦੀ ਆਦੀ ਹੋ ਚੁੱਕੀ ਹੈ। ਬਾਬੇ ਨਾਨਕ ਦੇ ਬੋਲਾਂ ਵਿਚ 'ਅੰਨ੍ਹੀ ਰਈਅਤ ਭਾਹਿ ਭਰੇ ਮੁਰਦਾਰ' ਦਾ ਵਰਤਾਰਾ ਹੈ। ਪੰਛੀ ਪਿੰਜਰਿਆਂ ਵਿਚ ਵੀ ਚਹਿਕਣ ਲੱਗੇ ਹਨ। ਸ਼ਾਇਰ ਇਸ ਵਿਡੰਬਨਾ ਭਰੀ ਸਥਿਤੀ ਨੂੰ ਇਸ ਤਰ੍ਹਾਂ ਜ਼ਾਹਿਰ ਕਰਦਾ ਹੈ :

ਹੋ ਹੀ ਗਏ ਹਾਂ ਆਖਿਰ ਗ਼ੁਲਾਮ ਸਿਸਟਮ ਦੇ
ਔਗੁਣ ਜਰ ਗਏ ਅਸੀਂ ਤਮਾਮ ਸਿਸਟਮ ਦੇ

ਸ਼ਾਇਰ ਜ਼ਿੰਦਗੀ ਦੀ ਅਨੰਤ ਅਤੇ ਅਮਰ ਤੋਰ ਬਾਰੇ ਦਰਸ਼ਨ ਨੂੰ ਹਾਂ-ਮੁਖੀ ਹੁੰਗਾਰਾ ਦੇਂਦਾ ਹੈ ਅਤੇ ਹਸ਼ਰ ਦੇ ਡਰਾਵੇ ਘਟਾਉਂਦਾ ਹੈ :

ਮੈਂ ਪੱਕਿਆ ਬੀਜ ਹਾਂ ਇਸ ਧਰਤ ਉਪਰ ਬਿਖਰ ਜਾਵਾਂਗਾ
ਜਦੋਂ ਆਈ ਬਹਾਰ ਰੁੱਤ ਤਾਂ ਮੈਂ ਫਿਰ ਪੁੰਗਰ ਜਾਵਾਂਗਾ

ਬਲਜੀਤ ਪਾਲ ਦੀਆਂ ਗ਼ਜ਼ਲਾਂ ਦਾ ਸ਼ਿਲਪ ਸਲਾਹੁਣਯੋਗ ਹੈ। ਕਾਫੀਏ, ਰਦੀਫ, ਮਤਲੇ ਸ਼ਿਅਰ ਤੇ ਮਕਤੇ ਥਾਂ ਸਿਰ ਹਨ। ਉਹ ਕਈ ਅਸਲੋਂ ਨਵੇਂ ਕਾਫੀਏ ਅਤੇ ਰਦੀਫਾਂ ਦੀ

ਵਰਤੋਂ ਕਰਦਾ ਹੈ। ਗ਼ਜ਼ਲ ਦੇ ਛੰਦਾਂ ਬਾਰੇ ਉਸ ਨੇ ਕਿਸੇ ਯੋਗ ਜਾਣਕਾਰ ਉਸਤਾਦ ਤੋਂ ਬਕਾਇਦਾ ਇਸਲਾਹ ਹਾਸਿਲ ਨਹੀਂ ਕੀਤੀ। ਉਸ ਨੇ ਮਿਹਨਤ ਨਾਲ ਪੁਸਤਕਾਂ 'ਚੋਂ ਪਿੰਗਲ ਅਤੇ ਅਰੂਜ਼ ਬਾਰੇ ਗਿਆਨ ਹਾਸਿਲ ਕੀਤਾ ਹੈ। ਉਸਨੇ ਪਿੰਗਲ ਅਤੇ ਅਰੂਜ਼ ਦੇ 20 ਤੋਂ ਵਧੇਰੇ ਛੰਦ ਬਹਿਰ ਲਏ ਹਨ। ਜੋ ਉਕਾਈਆਂ ਰਹਿ ਗਈਆਂ ਹਨ ਉਹ ਗੰਭੀਰ ਨਹੀਂ ਅਤੇ ਪਾਠਕ ਨੂੰ ਇਹ ਜ਼ਿਆਦਾ ਖਟਕਦੀਆਂ ਨਹੀਂ। ਉਂਜ ਮੇਰਾ ਇਹ ਮੰਨਣਾ ਹੈ ਕਿ ਉਹ ਅਗਲੇ ਗ਼ਜ਼ਲ ਸੰਗ੍ਰਹਿ ਵਾਸਤੇ ਗ਼ਜ਼ਲਾਂ ਘੜਦਿਆਂ ਛੰਦਾਂ ਬਹਿਰਾਂ ਬਾਰੇ ਹੋਰ ਵੀ ਯੋਗਤਾ ਨਾਲ ਕਾਰਜ ਕਰੇਗਾ।

ਬਲਜੀਤ ਪਾਲ ਦੀਆਂ ਹਥਲੀਆਂ ਗ਼ਜ਼ਲਾਂ ਵਿਸ਼ੇ ਪੱਖ ਤੋਂ ਵੰਨ ਸਵੰਨਤਾ ਦੀਆਂ ਪ੍ਰਤੀਕ ਹਨ। ਇਹਨਾਂ ਵਿਚ ਨਵੇਂ ਚਿੰਤਨੀ ਅਤੇ ਰਚਨਾ ਪ੍ਰਤੀਮਾਨ ਸਿਰਜੇ ਗਏ ਹਨ। ਪੰਜਾਬੀ ਸਮਾਜ ਅਤੇ ਸਭਿਆਚਾਰ ਵਿਚ ਜੋ ਬਾਹਰੀ ਤੌਰ ਉਤੇ ਵਾਪਰ ਰਿਹਾ ਹੈ ਸ਼ਾਇਰ ਨੇ ਸੂਖਮਤਾ ਨਾਲ ਉਸਨੂੰ ਸ਼ਿਅਰਾਂ ਵਿਚ ਢਾਲਿਆ ਹੈ। ਪੰਜਾਬੀ ਸਮਾਜ ਦੇ ਤਤਕਾਲੀ ਦਵੰਦਾਂ ਨੂੰ ਅਤੇ ਆਧੁਨਿਕ ਮਨੁੱਖ ਦੀ ਅੰਦਰੂਨੀ ਟੁੱਟ ਭੱਜ ਨੂੰ ਸ਼ਿੱਦਤ ਨਾਲ ਪੇਸ਼ ਕੀਤਾ ਗਿਆ ਹੈ। ਸ਼ਾਇਰ ਮੂਜੀ ਸਥਿਤੀਆਂ ਦੇ ਹਨ੍ਹੇਰ ਨੂੰ ਲੋਕ ਪੱਖੀ ਸਰਗਰਮੀਆਂ ਵਿਚ ਤਬਦੀਲ ਕਰਨ ਵਾਸਤੇ ਚੇਤਨਾ ਦੇ ਦੀਪ ਜਗਾਉਂਦਾ ਹੈ। ਸ਼ਾਇਰ ਜਟਿਲ ਅਤੇ ਸੰਸਾਰ ਵਿਆਪੀ ਮਸਲਿਆਂ ਨੂੰ ਸਹਿਜ ਨਾਲ ਸ਼ਿਅਰਾਂ ਵਿਚ ਢਾਲਦਾ ਹੈ। ਇਹ ਸ਼ਿਅਰਾਂ ਦੀ ਪ੍ਰਵਚਨ ਵਿਧੀ ਦੀ ਵਿਸ਼ੇਸ਼ਤਾ ਜ਼ਿੰਦਗੀ ਦੇ ਤਰਲ ਅਤੇ ਜਟਿਲ ਯਥਾਰਥਾਂ ਨੂੰ ਸਹਿਜਰ ਨਾਲ ਪ੍ਰਗਟਾਉਂਦਾ ਹੈ।.....ਗ਼ਜ਼ਲ ਸੰਗ੍ਰਹਿ ਦੀਆਂ ਗ਼ਜ਼ਲਾਂ ਦੇ ਵਿਸ਼ੇ ਲੋਕ ਧਾਰਾਈ ਅਤੇ ਜ਼ਿੰਦਗੀ ਪ੍ਰਤੀ ਹਾਂ ਮੁਖੀ ਹਨ। ਇਹਨਾਂ ਗ਼ਜ਼ਲਾਂ ਦੀ ਮੂਲ ਸੁਰ ਸਮਾਜਿਕ ਸਰੋਕਾਰਾਂ ਪ੍ਰਤੀ ਚਿੰਤਾ ਅਤੇ ਚਿੰਤਨ ਦੇ ਸੁਭਾਅ ਦੀ ਹੈ। ਕਿਹਾ ਜਾ ਸਕਦਾ ਹੈ ਕਿ ਸ਼ਾਇਕ ਬਲਜੀਤ ਪਾਲ ਨੇ ਵੱਡੇ ਪਸਾਰੇ ਅਤੇ ਖਿਲਾਰੇ ਭਰੇ ਵਿਸ਼ਿਆਂ ਨੂੰ ਸੰਖੇਪ ਸ਼ਬਦਾਂ ਦਾ ਬਾਣਾ ਅਤੇ ਗਹਿਨ ਅਰਥਚਾਰਾ ਪ੍ਰਦਾਨ ਕੀਤਾ ਹੈ।..ਸੰਗ੍ਰਹਿ ਦੇ ਸ਼ਿਅਰਾਂ ਵਿਚ ਜਿਥੇ ਸਮਾਜਿਕ ਤਣਾਵਾਂ, ਰਾਜਨੀਤਕ ਧੁੰਦੂਕਾਰਿਆਂ, ਧਰਮੰਧਤਾ ਅਤੇ ਆਰਥਿਕ ਨਾ-ਬਰਾਬਰੀ ਉਤੇ ਸਹੀ ਸਮੇਂ ਅਤੇ ਸਥਾਨ ਉਤੇ ਉਂਗਲ ਧਰੀ ਗਈ ਹੈ ਉਥੇ ਸੁਹਣੇਰੇ ਮਨੁੱਖੀ ਭਵਿੱਖ ਬਾਰੇ ਕਾਮਨਾ ਦਿਲਕਸ਼ੀ ਦਾ ਦਰਜਾ ਅਖਤਿਆਰ ਕਰਦੀ ਹੈ। ਗ਼ਜ਼ਲ ਸੰਗ੍ਰਹਿ ਦੀ ਭੂਮਿਕਾ ਲਿਖਦਿਆਂ ਖੁਸ਼ੀ ਹੋ ਰਹੀ ਹੈ।

**ਸੁਲੱਖਣ ਸਰਹੱਦੀ**

ਮਿਤੀ : 10-04-2011 ਮੋਬਾਇਲ : 94174-84337

ਸੁਬ੍ਹਾ ਖ਼ਾਮੋਸ਼ ਹੈ ਤੇ ਸ਼ਾਮ ਅੱਜ ਉਦਾਸ ਰਹੇਗੀ
ਇਵੇਂ ਲਗਦਾ ਕਿਸੇ ਦੀ ਯਾਦ ਮੇਰੇ ਪਾਸ ਰਹੇਗੀ

ਜੇ ਇੰਜ ਬੈਠੇ ਰਹੇ ਕਿ ਚੱਲ ਕੇ ਆਵੇਗੀ ਨਦੀ ਦਰ ਤੇ
ਤਾਂ ਮਾਰੂਥਲ ਦੇ ਵਾਂਗੂੰ ਹੀ ਸਦਾ ਇਹ ਪਿਆਸ ਰਹੇਗੀ

ਮਿਜਾਜ਼ ਉਸਦਾ ਬਦਲ ਜਾਏ ਜਾਂ ਮਿਟਜੇ ਆਰਜ਼ੂ ਮੇਰੀ
ਕਿਸੇ ਭਟਕਣ ਤੋਂ ਬਚ ਜਾਵੇ ਮੇਰਾ ਦਿਲ ਆਸ ਰਹੇਗੀ

ਬਣੇ ਪੱਥਰ ਜਿਹੇ ਘਰ ਆਦਮੀ ਵੀ ਪੱਥਰਾਂ ਜੇਹੇ
ਗਲੀ ਨਾ ਇਸ ਨਗਰ ਦੀ ਕੋਈ ਸਾਨੂੰ ਰਾਸ ਰਹੇਗੀ

ਬਦਲ ਜਾਂਦਾ ਨਹੀਂ ਜਦ ਤੱਕ ਜ਼ਮਾਨੇ ਦਾ ਨਿਜ਼ਾਮ ਹੈ ਜੋ
ਕਿਸੇ ਬਿਹਤਰ ਸਮੇਂ ਲਈ ਜ਼ਿੰਦਗੀ ਬੇਆਸ ਰਹੇਗੀ

ਕਿ ਸ਼ਾਇਦ ਮੌਸਮਾਂ ਅੰਦਰ ਨਮੀ ਆਵੇ ਕਦੇ ਫਿਰ ਵੀ
ਅਸਾਡੇ ਦੋਸਤਾਂ ਦੀ ਗੱਲ ਇਹੋ ਧਰਵਾਸ ਰਹੇਗੀ

ਕਿਵੇਂ ਘਰ ਕਹਿ ਦਿਆਂ ਦੱਸੋ ਇਨ੍ਹਾਂ ਇੱਟਾਂ ਤੇ ਗਾਰੇ ਨੂੰ
ਇਹਦੇ ਵਿਚ ਜ਼ਿੰਦਗੀ ਕੱਟਦੀ ਸਦਾ ਬਣਵਾਸ ਰਹੇਗੀ।

ਪਾਣੀ ਦਿੰਦਾ ਰਹਿੰਦਾ ਹਾਂ ਫਿਰ ਵੀ ਤਿਰਹਾਏ ਰਹਿੰਦੇ ਨੇ
ਕੁਝ ਪੌਦੇ ਉਸਦੀ ਯਾਦ ’ਚ ਹੀ ਕੁਮਲਾਏ ਰਹਿੰਦੇ ਨੇ

ਆਸੇ ਪਾਸੇ ਏਥੇ ਖੰਡਰ ਦੇਖ ਕਰੀਂ ਨਾ ਨਫਰਤ ਤੂੰ
ਇਸ ਸ਼ਹਿਰ ਵਿਚ ਤੇਰੇ ਵੀ ਤਾਂ ਕੁਝ ਹਮਸਾਏ ਰਹਿੰਦੇ ਨੇ

ਏਸ ਭੀੜ ਵਿਚ ਕਿਤੇ ਨਾ ਮਿਲਣਾ ਦਿਲ ਨੂੰ ਤੇਰੇ ਸਕੂਨ ਕੋਈ
ਹਰ ਬੰਦੇ ਦੇ ਜ਼ਿਹਨ ’ਚ ਕਾਲੇ ਨੇਰ੍ਹ ਸਮਾਏ ਰਹਿੰਦੇ ਨੇ

ਗੱਲ ਬਹਾਰਾਂ ਵਾਲੀ ਉਹਦੇ ਨਾਲ ਕਦੋਂ ਕਰੀਏ ਤੂੰ ਦੱਸ
ਜੋ ਝਰਨਿਆਂ ਦੀ ਵਾਦੀ ਵਿਚ ਵੀ ਤਪੇ ਤਪਾਏ ਰਹਿੰਦੇ ਨੇ

ਉਹ ਨੇ ਅਣਥੱਕ ਪਾਂਧੀ ਉਹਨਾਂ ਤੋਂ ਬਲਿਹਾਰੇ ਜਾਵਾਂ ਮੈਂ
ਮਾਰੂਥਲ ਦੇ ਆਤਿਸ਼ ਵਿਚ ਜੋ ਖਿੜੇ ਖਿੜਾਏ ਰਹਿੰਦੇ ਨੇ

ਮਾਰ ਕਲਮ ਦੀ ਉਹਨਾਂ ਥਾਵਾਂ ਤੇ ਵੀ ਹੁੰਦੀ ਹੈ ਅਕਸਰ
ਬੰਬ ਬੰਦੂਕਾਂ ਜਿਹੜੇ ਥਾਈਂ ਧਰੇ ਧਰਾਏ ਰਹਿੰਦੇ ਨੇ।

ਲੋਕ ਏਥੇ ਆ ਗਏ ਹੁਣ ਓਪਰੇ
ਚੱਲ ਚੱਲੀਏ ਯਾਰ ਏਥੋਂ ਹੁਣ ਪਰੇ

ਬੰਦਿਆਂ ਵਿਚ ਪਾੜ੍ਹਾ ਐਨਾ ਵਧ ਗਿਆ
ਹਰ ਕਦਮ ਤੇ ਹੋ ਰਹੇ ਨੇ ਵਿਤਕਰੇ

ਪੁੱਤ ਫਿਰਦੇ ਡਾਲਰਾਂ ਦੀ ਭਾਲ ਵਿਚ
ਭਾਲਦੇ ਮਾਪੇ ਵਿਚਾਰੇ ਆਸਰੇ

ਕੱਚ ਦੇ ਵਸਤਰ ਜਿਨ੍ਹਾਂ ਨੇ ਪਹਿਨ ਲਏ
ਹੁਣ ਮਰੇ ਉਹ, ਅੱਜ ਮਰੇ ਜਾਂ ਕੱਲ ਮਰੇ

ਪੰਛੀਆਂ ਦੇ ਬੋਟ ਕਿੱਥੇ ਰਹਿਣਗੇ
ਆਲ੍ਹਣੇ ਥਾਂ ਰੱਖੇ ਦਿਸਦੇ ਪਿੰਜਰੇ

ਬੋਲਬਾਲਾ ਝੂਠ ਦਾ ਹੈ ਸਭ ਜਗ੍ਹਾ
ਵਿਰਲਾ ਹੀ ਸੱਚ ਦੀ ਗਵਾਹੀ ਹੁਣ ਭਰੇ

ਕਾਲੇ ਪਾਣੀ ਕਈਆਂ ਜੀਵਨ ਗਾਲ਼ਿਆ
ਬੈਠੇ ਸਨ ਕੁਝ ਲੋਕ ਓਦੋਂ ਵੀ ਘਰੇ।

ਬਲਦਾ, ਸੜਦਾ, ਰਿਝਦਾ ਤੇ ਉੱਬਲਦਾ ਰਹਿੰਨਾਂ
ਸਕੂਨ ਵਾਲੇ ਮੌਸਮ ਲਈ ਤੜਪਦਾ ਰਹਿੰਨਾਂ

ਰਾਕਟਾਂ ਦਾ ਦੌਰ ਅੱਜ-ਕੱਲ੍ਹ ਬੇਸ਼ਕ ਤੇਜ਼ ਹੈ ਬੜਾ
ਮੰਜ਼ਿਲ ਵਲ ਫਿਰ ਵੀ ਰੋਜ਼ ਸਰਕਦਾ ਰਹਿੰਨਾਂ

ਕਿਸਨੇ ਕੰਮ ਆਉਣਾ ਹੈ ਕਦੋਂ ਕਿਹੜੀ ਹਾਲਤ ਵਿਚ
ਆਪਣੀ ਗਰਜ਼ ਲਈ ਲੋਕਾਂ ਨੂੰ ਐਵੇਂ ਪਰਖਦਾ ਰਹਿੰਨਾਂ

ਉਹਨਾਂ ਦੇ ਝੂਠ ਤੋਂ ਵਾਕਿਫ ਹਾਂ, ਉਹ ਵੀ ਜਾਣ ਚੁੱਕੇ ਨੇ
ਬਣਕੇ ਰੋੜ ਅੱਖ ਵਿਚ ਲੀਡਰਾਂ ਦੀ ਰੜਕਦਾ ਰਹਿੰਨਾਂ

ਮਰਜ਼ੀ ਨਹੀਂ ਚਲਦੀ ਕਿ ਇਹ ਨਿਜ਼ਾਮ ਬਦਲ ਦੇਵਾਂ
ਆਪਣੇ ਆਪ ਵਿਚ ਤਾਹੀਓਂ ਹਮੇਸ਼ਾ ਕਲਪਦਾ ਰਹਿੰਨਾਂ

ਅਜ਼ਾਦ ਦੇਸ਼ ਵਿਚ ਗੁਲਾਮਾਂ ਵਾਂਗ ਰੀਂਗ ਰਹੀ ਜ਼ਿੰਦਗੀ
ਨਿੱਘਰ ਰਹੇ ਮਿਆਰਾਂ ਵਾਂਗਰਾਂ ਹੀ ਗਰਕਦਾ ਰਹਿੰਨਾਂ

ਲਗਦੈ ਭੰਗ ਦੇ ਭਾਣੇ ਤੁਰ ਜਾਏਗੀ ਦੇਹੀ
ਥੋੜ੍ਹਾ-ਥੋੜ੍ਹਾ ਤਾਹੀਂ ਇਸਨੂੰ ਹੁਣ ਖਰਚਦਾ ਰਹਿੰਨਾਂ

ਆਪਣੀ ਮਿੱਠੀ ਬੋਲੀ ਭੁੱਲ ਨਾ ਜਾਵੇ ਕਿਧਰੇ
ਸ਼ਬਦ ਪੁਰਾਣੇ ਏਸੇ ਲਈ ਵਰਤਦਾ ਰਹਿੰਨਾਂ।

ਬੜੇ ਬੇਰਹਿਮ, ਕੋਝੇ ਮੌਸਮਾਂ ਦਾ ਕਰੋ ਜ਼ਿਕਰ ਕੋਈ
ਇਹਨਾਂ ਬਿਰਖਾਂ, ਪਰਿੰਦਿਆਂ ਦਾ ਕਰੋ ਹੁਣ ਤਾਂ ਫਿਕਰ ਕੋਈ

ਇਹ ਕਾਇਨਾਤ ਦੇ ਅਨਮੋਲ ਕੁਝ ਤੋਹਫੇ ਬਚਾ ਲਈਏ
ਚਲੋ ਕਿ ਲਾਈਏ ਜਿਸ ਵਿਚ ਵੀ ਹੈ ਜਿੰਨਾ ਹੁਨਰ ਕੋਈ

ਬੜਾ ਹੈ ਸ਼ੋਰ ਹਰ ਪਾਸੇ ਲਕੀਰਾਂ ਧੂੰਏ ਦੀਆਂ ਦੇਖੋ
ਮਸ਼ੀਨਾਂ ਤੋਂ ਨਹੀਂ ਬਚਿਆ ਕਿਤੇ ਦਿਸਦਾ ਨਗਰ ਕੋਈ

ਇਹ ਲੰਮੀਆਂ ਪਟੜੀਆਂ ਵਿਛੀਆਂ ਤੇ ਕਿੰਨੀਆਂ ਚੌੜੀਆਂ ਸੜਕਾਂ
ਨਹੀਂ ਫਿਰ ਵੀ ਗੁਜ਼ਰਦਾ ਹਾਦਸੇ ਤੋਂ ਬਿਨ ਸਫਰ ਕੋਈ

ਅਸਾਨੂੰ ਆਸ ਹੈ ਹਾਲੇ ਮਰੁੰਡੇ ਰੁੱਖ ਉਪਰ ਵੀ
ਕਿਸੇ ਦਿਨ ਫੁੱਟੇਗੀ ਯਾਰੋ ਹਰੀ ਕਚੂਰ ਲਗਰ ਕੋਈ।

ਫੁੱਟ ਰਹੀਆਂ ਕਰੂੰਬਲਾਂ ਨਵੀਆਂ ਨਵੀਆਂ
ਜਾਗ ਰਹੀਆਂ ਹਸਰਤਾਂ ਨਵੀਆਂ ਨਵੀਆਂ

ਚੁੰਝਾਂ ਨਾਲ ਚੁੰਝਾਂ ਲੜਾ ਰਹੇ ਦੇਖੋ ਪਰਿੰਦੇ
ਪਾਈਆਂ ਜਿਹਨਾਂ ਮੁਹੱਬਤਾਂ ਨਵੀਆਂ ਨਵੀਆਂ

ਮਹਿਫਿਲ ਪਹਿਲਾਂ ਕਿੰਨੀ ਰੰਗੀਨ ਹੋਵੇਗੀ
ਅਸਾਂ ਕੀਤੀਆਂ ਸ਼ਿਰਕਤਾਂ ਨਵੀਆਂ ਨਵੀਆਂ

ਕਿਹਨਾਂ ਉਚਾਈਆਂ ਤੱਕ ਬੰਦੇ ਨੂੰ ਲੈ ਜਾਵੇ
ਦੋਸਤੀ ਵਿਚ ਬਰਕਤਾਂ ਨਵੀਆਂ ਨਵੀਆਂ

ਚੰਦ ਤਾਰਿਆਂ ਤੀਕਰ ਵੀ ਪਹੁੰਚ ਜਾਵਾਂਗੇ
ਅਜੇ ਸਾਡੀਆਂ ਮਿਹਨਤਾਂ ਨਵੀਆਂ ਨਵੀਆਂ

ਸ਼ਾਇਦ ਨੇੜੇ ਆ ਰਿਹਾ ਇਲੈਕਸ਼ਨ ਕੋਈ
ਲੀਡਰ ਕਰਦੇ ਹਰਕਤਾਂ ਨਵੀਆਂ ਨਵੀਆਂ

ਜਿਸ ਦਿਨ ਵਾਂਗ ਬਾਰੂਦ ਫਟੇ ਤਾਂ ਦੇਖੋਗੇ
ਅਜੇ ਸਾਡੀਆਂ ਕਰਵਟਾਂ ਨਵੀਆਂ ਨਵੀਆਂ।

ਚੱਲ ਫਾਸਲੇ ਬਣਾਈਏ ਕਿ ਮੋਹ ਨਾ ਹੋ ਜਾਵੇ
ਇਹ ਰਿਸ਼ਤੇ ਭੁੱਲ ਜਾਈਏ ਕਿ ਮੋਹ ਨਾ ਹੋ ਜਾਵੇ

ਜੇ ਪੀੜ ਹੋਵੇ ਮੈਨੂੰ, ਕੀ ਵਾਸਤਾ ਕਿਸੇ ਨੂੰ
ਖੁਦਗਰਜ਼ੀਆਂ ਵਧਾਈਏ ਕਿ ਮੋਹ ਨਾ ਹੋ ਜਾਵੇ

ਜੇ ਆਸ ਪਾਸ ਹੋਵੇ ਲਾਚਾਰ, ਬੇਸਹਾਰਾ
ਉਸ ਨੂੰ ਜ਼ਰਾ ਸਤਾਈਏ ਕਿ ਮੋਹ ਨਾ ਹੋ ਜਾਵੇ

ਵਾਪਰਦੇ ਹਾਦਸੇ ਨੇ ਮਿਲਦੇ ਨੇ ਜ਼ਖ਼ਮ ਵੀ ਰੋਜ਼
ਮਰਹਮ ਨਾ ਹੀ ਲਗਾਈਏ ਕਿ ਮੋਹ ਨਾ ਹੋ ਜਾਵੇ

ਪਿੱਟਦਾ ਢੰਡੋਰਾ ਜਿਹੜਾ ਹੈ ਸੱਚੀ ਦੋਸਤੀ ਦਾ
ਨੇੜੇ ਨਾ ਉਹਦੇ ਜਾਈਏ ਕਿ ਮੋਹ ਨਾ ਹੋ ਜਾਵੇ

ਇਹ ਪਾਪ, ਜ਼ੁਲਮ ਜਿੰਨੇ ਮਰਜ਼ੀ ਫਰੇਬ ਹੋਣ
ਵੱਟ ਪਾਸਾ ਲੰਘ ਜਾਈਏ ਕਿ ਮੋਹ ਨਾ ਹੋ ਜਾਵੇ।

ਮੰਜ਼ਿਲ ਨੂੰ ਜਾਣ ਵਾਲੀਆਂ ਰਾਹਵਾਂ ਗੁਆਚੀਆਂ
ਸੀਨੇ ਜੋ ਲਾਉਣ ਐਸੀਆਂ ਬਾਹਵਾਂ ਗੁਆਚੀਆਂ

ਲੋਕਾਂ ਨੇ ਵਸਤਾਂ ਸਾਰੀਆਂ ਵਿਉਪਾਰ ਕੀਤੀਆਂ
ਕੁਦਰਤ ਜੋ ਸੌਂਪੀਆਂ ਉਹ ਕਲਾਵਾਂ ਗੁਆਚੀਆਂ

ਪੱਥਰ ਦਿਲਾਂ 'ਚੋਂ ਉਪਜਦੇ ਪੱਥਰਾਂ ਜਿਹੇ ਖਿਆਲ
ਰੂਹਾਂ ਨੂੰ ਠੰਡ ਪਾਉਣ ਜੋ ਹਵਾਵਾਂ ਗੁਆਚੀਆਂ

ਜ਼ਖ਼ਮਾਂ ਦੇ ਦਰਦ ਵਾਸਤੇ ਕੋਈ ਨਹੀਂ ਦਵਾ
ਮਿੱਤਰਾਂ ਤੋਂ ਮਿਲਣ ਵਾਲੀਆਂ ਦੁਆਵਾਂ ਗੁਆਚੀਆਂ

ਝੱਲੀ ਹੈ ਮਾਰ ਵਕਤ ਦੀ ਚੁੱਪ ਚਾਪ ਦੇਖਦੇ
ਬੇਨੂਰ ਚਿਹਰਿਆਂ ਤੋਂ ਅਦਾਵਾਂ ਗੁਆਚੀਆਂ

ਕੋਹਲੂ ਦੇ ਬੈਲ ਵਾਂਗਰਾਂ ਉਹ ਲੋਕ ਰੀਂਗਦੇ
ਜਿਨ੍ਹਾਂ ਤੋਂ ਖੇੜੇ ਖੁੱਸ ਗਏ ਇਛਾਵਾਂ ਗੁਆਚੀਆਂ।

ਦਿਲ ਵਿਚ ਪਰਲੋ ਵਰਗਾ ਸਮਾਨ ਛੁਪਾਈ ਫਿਰਦੇ ਹਾਂ
ਛਾਤੀ ਅੰਦਰ ਲੱਖਾਂ ਅਰਮਾਨ ਦਬਾਈ ਫਿਰਦੇ ਹਾਂ

ਫਟ ਜਾਣਗੇ ਇਹ ਵੀ ਕਦੇ ਜਵਾਲਾਮੁਖੀ ਦੇ ਵਾਂਗੂੰ
ਖਿਆਲਾਂ ਦੇ ਵਿਚ ਜ਼ਲਜ਼ਲੇ ਤੂਫ਼ਾਨ ਛੁਪਾਈ ਫਿਰਦੇ ਹਾਂ

ਮੁੱਠੀ ਭਰ ਵੀ ਆਪਣੇ ਵਰਗੇ ਜਿਸ ਦਿਨ ਤਲਾਸ਼ ਲਏ
ਉਹਨਾਂ ਖਾਤਿਰ ਹੀ ਤੀਰ ਕਮਾਨ ਬਣਾਈ ਫਿਰਦੇ ਹਾਂ

ਜਿਸ ਰਾਜੇ ਨੇ ਪਰਜਾ ਨੂੰ, ਬੱਸ ਗਾਜਰ ਮੂਲੀ ਸਮਝਿਆ
ਉਸ ਦੇ ਲਈ ਅੱਖਾਂ ਵਿਚ ਸ਼ਮਸ਼ਾਨ ਵਿਛਾਈ ਫਿਰਦੇ ਹਾਂ

ਮੌਸਮ ਦੀ ਨਾ ਗੱਲ ਕਰੋ ਜੇ ਤੁਰਨਾ ਹੈ ਸਾਡੇ ਨਾਲ
ਅਸੀਂ ਤਾਂ ਵਰ੍ਹਦੀ ਅੱਗ ਵਿਚ ਮਕਾਨ ਬਣਾਈ ਫਿਰਦੇ ਹਾਂ

ਇਨਸਾਫ ਦੀ ਖਾਤਿਰ ਜਦ ਵੀ ਸਾਰੇ ਹੀਲੇ ਮੁੱਕ ਗਏ
ਪੁਰਖਿਆਂ ਸੌਂਪੀ ਸਾਨੂੰ ਕਿਰਪਾਨ ਬਚਾਈ ਫਿਰਦੇ ਹਾਂ।

ਸਕੂਨ ਰੂਹ ਨੂੰ ਮਿਲਦਾ ਹੈ ਤਬੀਅਤ ਵੱਲ ਹੋ ਜਾਂਦੀ
ਜਦੋਂ ਉਹ ਨਜ਼ਰ ਆ ਜਾਂਦੇ ਤਾਂ ਮੁਸ਼ਕਲ ਹੱਲ ਹੋ ਜਾਂਦੀ

ਅਸਾਡੇ ਦਿਲ ਦੀ ਕੈਨਵਸ ਤੋਂ ਹੈ ਸਾਰਾ ਭਾਰ ਲਹਿ ਜਾਂਦਾ
ਕਦੇ ਜੇ ਭੀੜ ਵਿਚ ਮਿਲਿਆਂ ਉਹਦੇ ਨਾਲ ਗੱਲ ਹੋ ਜਾਂਦੀ

ਅਸੀਂ ਹਰ ਰਾਤ ਨੂੰ ਇਕ ਨਵੀਂ ਤਮੰਨਾ ਲੈ ਕੇ ਸੌਂਦੇ ਹਾਂ
ਹਰਿਕ ਖਾਹਿਸ਼ ਤਾਂ ਅਗਲੇ ਦਿਨ ਹੀ ਬੀਤਿਆ ਕੱਲ ਹੋ ਜਾਂਦੀ

ਅਸੀਂ ਖਾਮੋਸ਼ੀਆਂ, ਤਨਹਾਈਆਂ ਵਿਚ ਸ਼ਾਂਤ ਰਹਿੰਦੇ ਹਾਂ
ਜਦੋਂ ਇਹ ਨੇੜੇ ਨਾ ਹੋਵਣ, ਤਾਂ ਫਿਰ ਤਰਥੱਲ ਹੋ ਜਾਂਦੀ

ਸਿਆਸਤ, ਗੁੰਡਾਗਰਦੀ ਵਿਚ ਰਿਹਾ ਹੁਣ ਫ਼ਰਕ ਨਾ ਕੋਈ
ਇਹਨਾਂ ਨੂੰ ਛੇੜ ਕੇ ਔਖੀ ਬਚਾਉਣੀ ਖੱਲ ਹੋ ਜਾਂਦੀ

ਸਿਤਮ ਬੇਗਾਨਿਆਂ ਦੇ ਤਾਂ ਅਸੀਂ ਚੁਪ-ਚਾਪ ਸਹਿ ਲੈਂਦੇ
ਜ਼ਰਾ ਜਿੰਨੀ ਚੋਟ ਆਪਣੇ ਦੀ ਹੈ ਸੀਨੇ ਸੱਲ ਹੋ ਜਾਂਦੀ

ਗ਼ਮਾਂ ਨੇ ਰੋਲਿਆ ਏਦਾਂ ਕਿ ਲੀਰੋ ਲੀਰ ਹੋ ਗਏ ਹਾਂ
ਅਸੀਂ ਕੱਖਾਂ ਤੋਂ ਹੌਲੇ ਹੋਏ ਪਤਲੇ ਨੀਰ ਹੋ ਗਏ ਹਾਂ

ਬਣਾਉਟੀ ਓਪਰਾ ਦਿਸਦੈ, ਜੋ ਦਿਸਦੈ ਸਭ ਦਿਖਾਵਾ ਹੈ
ਤਨਾਂ ਦੇ ਸਾਫ ਮਨ ਦੇ ਪਰ ਬੜੇ ਫਕੀਰ ਹੋ ਗਏ ਹਾਂ

ਤੁਰੇ ਸਾਂ ਲੰਮਿਆਂ ਰਾਹਾਂ ਨੂੰ ਮਾਪਣ ਵਾਸਤੇ ਯਾਰੋ!
ਅਸੀਂ ਖੁਦ ਰਸਤਿਆਂ ਤੋਂ ਮਿਟ ਰਹੀ ਲਕੀਰ ਹੋ ਗਏ ਹਾਂ

ਕਿਸੇ ਨੇ ਸੇਧ ਦਿੱਤਾ ਜੋ ਬਿਨਾਂ ਸੋਚੇ ਬਿਨਾਂ ਪਰਖੇ
ਨਿਸ਼ਾਨੇ ਤੋਂ ਬੜਾ ਹੀ ਖੁੰਝਿਆ ਉਹ ਤੀਰ ਹੋ ਗਏ ਹਾਂ

ਬਦਲਤਾ ਮੌਸਮਾਂ ਨੇ ਯਾਰ ਸਾਡਾ ਵਜੂਦ ਹੀ ਸਾਰਾ
ਕਦੇ ਸੀ ਬੋਹੜ ਵਰਗੇ ਵੇਖ ਹੁਣ ਕਰੀਰ ਹੋ ਗਏ ਹਾਂ।

ਧੁੱਪਾਂ ਨੂੰ ਪਰਖੀਏ ਤੇ ਛਾਵਾਂ ਨੂੰ ਪਰਖੀਏ
ਮੰਜ਼ਿਲ ਤਲਾਸ਼ੀਏ ਚਲ ਰਾਹਵਾਂ ਨੂੰ ਪਰਖੀਏ

ਦਸਤਕ ਹੈ ਜਿਸ ਨੇ ਦਿੱਤੀ ਆਪਣਾ ਕਿ ਗ਼ੈਰ ਹੈ
ਚਿਹਰੇ ਨੂੰ ਦੇਖ ਕੇ ਫਿਰ ਨਿਗਾਹਾਂ ਨੂੰ ਪਰਖੀਏ

ਕਿੰਨਾ ਕੁ ਗਿੜ ਸਕਦਾ ਹੈ ਖੂਹ ਜ਼ਿੰਦਗੀ ਦਾ ਇਹ
ਸੀਨੇ 'ਚ ਅਟਕੇ ਹੋਏ ਸਾਹਵਾਂ ਨੂੰ ਪਰਖੀਏ

ਕਿੰਨੀ ਕਰੀ ਤਰੱਕੀ ਵਿਗਿਆਨ ਨੇ ਹੈ ਅੱਜ
ਕੁੱਖਾਂ ਨੂੰ ਪਰਖ ਕੇ ਤੇ ਮਾਵਾਂ ਨੂੰ ਪਰਖੀਏ

ਜਿਹਨਾਂ ਕਦੇ ਬਹਾਰਾਂ ਖੁੱਲ੍ਹ ਕੇ ਨਾ ਮਾਣੀਆਂ
ਅਧਵਾਟੇ ਰਹਿ ਗਏ ਉਹ ਚਾਵਾਂ ਨੂੰ ਪਰਖੀਏ

ਇਸ ਮਰਜ਼ ਵਾਸਤੇ ਅਜ਼ਮਾਈ ਹੈ ਹਰ ਦਵਾ
ਆ ਮਿੱਤਰਾਂ ਦੀਆਂ ਦੁਆਵਾਂ ਰਾਵਾਂ ਨੂੰ ਪਰਖੀਏ

ਛੱਤ ਹੇਠ ਜ਼ਿੰਦਗੀ ਤਾਂ ਹੈ ਬਥੇਰੀ ਬੀਤ ਗਈ
ਬਾਹਰ ਨਿਕਲ ਕੇ ਖੁੱਲ੍ਹੀਆਂ ਥਾਵਾਂ ਨੂੰ ਪਰਖੀਏ

ਹਰ ਸ਼ਖ਼ਸ ਵਿਚੋਂ ਲੱਭੀਏ ਪਰਤਾਂ ਉਧੇੜ ਕੇ
ਨਾ ਸਿਰਫ ਉਤਲੀਆਂ ਹੀ ਅਦਾਵਾਂ ਨੂੰ ਪਰਖੀਏ।

ਸ਼ਹਿਰ ਜੋ ਉਸਦਾ ਸੀ ਮੇਰਾ ਕਿਉਂ ਨਹੀਂ ਹੋਇਆ
ਸ਼ਾਮ ਢਲੀ, ਰਾਤ ਗਈ, ਸਵੇਰਾ ਕਿਉਂ ਨਹੀਂ ਹੋਇਆ

ਤੁਰਦੇ ਰਹੇ ਬੇਵਜ੍ਹਾ ਸਮੇਂ ਦੇ ਐਵੇਂ ਨਾਲ ਨਾਲ
ਇਹਨੂੰ ਬਦਲਦੇ ਥੋੜਾ, ਜੇਰਾ ਕਿਉਂ ਨਹੀਂ ਹੋਇਆ

ਵਿਹੜੇ ਦੇ ਰੁੱਖ ਦੀਆਂ ਫਿਰ ਉਦਾਸ ਟਹਿਣੀਆਂ
ਇਹਨਾਂ ਤੇ ਪੰਛੀਆਂ ਦਾ, ਬਸੇਰਾ ਕਿਉਂ ਨਹੀਂ ਹੋਇਆ

ਤਲੀਆਂ ਤੇ ਟਿਕਾਈ ਫਿਰਦੇ ਹਾਂ ਕੁਝ ਬਾਲ ਕੇ ਦੀਵੇ
ਨਸੀਬਾਂ ਵਿਚ ਇਹਨਾਂ ਦੇ, ਬਨੇਰਾ ਕਿਉਂ ਨਹੀਂ ਹੋਇਆ

ਇਹ ਜੋ ਭੁੱਲੀ ਭਟਕੀ ਫਿਰਦੀ ਜਵਾਨੀ ਸੜਕਾਂ ਤੇ
ਕਿਤੇ ਸੇਧਾਂ ਜੋ ਦੇ ਦਿੰਦਾ, ਵਡੇਰਾ ਕਿਉਂ ਨਹੀਂ ਹੋਇਆ

ਕਿੰਨੀ ਦੇਰ ਤੋਂ ਕਿਰਤੀ ਨੇ ਥੱਕੇ ਮਿਹਨਤਾਂ ਕਰਦੇ
ਪੱਲੇ ਰਿਜ਼ਕ ਉਹਨਾਂ ਦੇ ਬਥੇਰਾ ਕਿਉਂ ਨਹੀਂ ਹੋਇਆ।

ਸਾੜ੍ਹਸਤੀ ਦਾ ਮੌਸਮ ਐਨਾ ਨੇੜੇ ਆਇਆ ਹੈ
ਹਰ ਫੁੱਲ ਸਦਮੇ ਅੰਦਰ ਹਰ ਪੌਦਾ ਮੁਰਝਾਇਆ ਹੈ

ਕਦੇ ਵਿਦੇਸ਼ਾਂ ਵਿਚ ਰਹਿ ਕੇ ਵੀ ਹਸਤੀ ਸ਼ਾਂਤ ਰਹੇ
ਕਦੇ ਆਪਣੇ ਘਰੀਂ ਵੀ ਗ਼ਮ ਬਣ ਜਾਂਦਾ ਹਮਸਾਇਆ ਹੈ

ਸਾਡਾ ਇਹ ਪਾਗਲਪਨ ਦੇਖੋ ਅਸੀਂ ਛੇਤੀ ਘਬਰਾ ਜਾਂਦੇ
ਤਿਤਲੀ ਦੇ ਖੰਭ ਸੜੇ ਸੱਥਰ ਅਸੀਂ ਵਿਛਾਇਆ ਹੈ

ਦੋਸ਼ ਨਹੀਂ ਹੈ ਹੋਰ ਕਿਸੇ ਦਾ ਗਲਤੀ ਸਾਡੀ ਹੈ
ਅੱਗ ਦੇ ਨੇੜੇ ਅਸੀਂ ਮੋਮ ਦਾ ਘਰ ਬਣਾਇਆ ਹੈ

ਸਾਡੇ ਤੇ ਉਹਨਾਂ ਵਿਚ ਏਨਾ ਫਰਕ ਜ਼ਰੂਰ ਹੈ
ਅਸੀਂ ਤਾਂ ਰੁੱਖ ਲਾਉਂਦੇ ਹਾਂ ਉਨ੍ਹਾਂ ਨੇ ਆਰਾ ਲਾਇਆ ਹੈ

ਬਹੁਤੇ ਸਿਆਸਤਦਾਨ ਦਿਲ ਦੇ ਸਾਫ ਨਹੀਂ ਹੁੰਦੇ
ਉਪਰੋਂ ਚਿੱਟੇ ਖੱਦਰ ਦਾ ਉਹਨਾਂ ਸਵਾਂਗ ਰਚਾਇਆ ਹੈ

ਇਹ ਉਸਦੀ ਅਦਾਲਤ ਹੈ ਕਾਨੂੰਨ ਵੀ ਉਸਦਾ
ਅਸੀਂ ਤਾਂ ਅਰਜ਼ ਹੀ ਕੀਤੀ ਉਸਨੇ ਹੁਕਮ ਸੁਣਾਇਆ ਹੈ

ਦੋਸ਼ੀ ਰਾਤ ਹੀ ਨਹੀਂ ਹੁੰਦੀ ਸਿਰਫ ਹਨੇਰਿਆਂ ਖਾਤਿਰ
ਲੱਭ ਕੇ ਉਸਨੂੰ ਦਿਉ ਸਜ਼ਾ ਜਿਸ ਸੂਰਜ ਚੁਰਾਇਆ ਹੈ।

ਮਨ ਸਮੁੰਦਰ ਹੈ ਚਲੋ ਇਸ ਦੀ ਡੂੰਘਾਈ ਮਾਪੀਏ
ਰਿਸ਼ਤਿਆਂ ਵਿਚ ਦੂਰੀਆਂ ਦੀ ਹੁਣ ਲੰਬਾਈ ਮਾਪੀਏ

ਕਿੰਨਾ ਦਿੱਤਾ ਸੇਕ ਇਹਨਾਂ ਨੇ ਅਸਾਡੇ ਚਮਨ ਨੂੰ
ਤੱਤੀਆਂ ਬੇਕਿਰਕ ਪੌਣਾਂ ਦੀ ਬੁਰਾਈ ਮਾਪੀਏ

ਦਿਲ ਬਥੇਰਾ ਆਖਦਾ ਹੈ ਪਹਿਰਾ ਦੇਵਾਂ ਸੱਚ 'ਤੇ
ਜੱਗ ਕਹੇ ਸੱਚ ਨਾਲ ਹੋਈ ਜੱਗ ਹਸਾਈ ਮਾਪੀਏ

ਵਤਨ ਦੇ ਪਿੰਡੇ ਤੇ ਯਾਰੋ! ਮੁੱਦਤਾਂ ਤੋਂ ਚੀਥੜੇ
ਲੀਡਰਾਂ ਨੇ ਜਿਹੜੀ ਦਿੱਤੀ ਉਹ ਅਗਵਾਈ ਮਾਪੀਏ

ਮਰ ਗਏ ਕੁਝ ਹੱਕਾਂ ਖਾਤਿਰ ਫੈਸਲੇ ਉਡੀਕਦੇ
ਮੁਨਸਿਫਾਂ ਦੀ ਸਾਲਾਂ ਲੰਮੀ ਕਾਰਵਾਈ ਮਾਪੀਏ

ਪੁੱਜ ਗਏ ਹਾਂ ਕਿਸ ਪੜਾਅ ਤੇ ਕੱਲੇ-ਕਾਰੇ ਤੁਰਦਿਆਂ
ਜੋ ਹੰਢਾਈ ਸਦੀਆਂ ਤੀਕਰ ਉਹ ਤਨਹਾਈ ਮਾਪੀਏ।

ਮੁਹੱਬਤ ਉਂਜ ਤਾਂ ਦਰਾਂ ਤੇ ਦੀਵੇ ਬਾਲ ਜਾਂਦੀ ਹੈ
ਪਰ ਕਦੇ ਕਦੇ ਵਸਦੇ ਘਰਾਂ ਨੂੰ ਜਾਲ ਜਾਂਦੀ ਹੈ

ਜੀਵਨ ਜਾਚ ਵੀ ਨਹੀਂ ਮਰਨ ਨੂੰ ਦਿਲ ਨਹੀਂ ਕਰਦਾ
ਕੋਈ ਆਰਜ਼ੂ ਸਦਾ ਕਬਰ ਤੱਕ ਨਾਲ ਜਾਂਦੀ ਹੈ

ਆਲਮ ਬੇਰੁਖੀ ਦਾ ਜਿਨ੍ਹਾਂ ਨੇ ਦਿਲ ਤੇ ਹੰਢਾ ਲਿਆ
ਬਦਨਸੀਬੀ ਉਹਨਾਂ ਦੇ ਸੰਗ ਰਿਸ਼ਤਾ ਪਾਲ ਜਾਂਦੀ ਹੈ

ਭਰੋਸਾ ਨਾ ਹੀ ਕਰੀਏ ਤੁਰ ਗਏ ਪ੍ਰਦੇਸੀਆਂ ਉੱਤੇ
ਯਾਦ ਉਹਨਾਂ ਦੀ ਐਵੇਂ ਹੀ ਕਈ ਕਈ ਸਾਲ ਖਾਂਦੀ ਹੈ

ਅਸਲੀ ਮੌਤ ਤੋਂ ਪਹਿਲਾਂ ਹੀ ਮਰਨਾ ਰੋਜ਼ ਪੈਂਦਾ ਹੈ
ਖੁਸ਼ੀ ਜਿਨ੍ਹਾਂ ਤੋਂ ਹਰ ਵਕਤ ਪਾਸਾ ਟਾਲ ਜਾਂਦੀ ਹੈ

ਸਾਨੂੰ ਰਾਸ ਨਾ ਆਈ ਤੁਹਾਡੇ ਸ਼ਹਿਰ ਦੀ ਬਣਤਰ
ਕੋਝੀ ਤਪਸ਼ ਇਸ ਦੀ ਹਰ ਨਜ਼ਾਰਾ ਗਾਲ ਜਾਂਦੀ ਹੈ।

ਪਰਚਾਉਂਦੇ ਹਾਂ ਦਿਲ ਨੂੰ ਯਾਦਾਂ ਦਾ ਸਹਾਰਾ ਲੈ ਕੇ
ਬੇਗਾਨੀ ਮਹਿਫ਼ਲ ਦਾ ਦੂਰੋਂ ਹੀ ਨਜ਼ਾਰਾ ਲੈ ਕੇ

ਸਿਤਾਰਿਆਂ ਦੇ ਝੁਰਮਟ ਤੋਂ ਅਸੀਂ ਕੀ ਕਰਵਾਉਣਾ ਸੀ
ਅਸੀਂ ਤਾਂ ਖੁਸ਼ ਹੋ ਜਾਂਦੇ ਬਸ ਇਕੋ ਸਿਤਾਰਾ ਲੈ ਕੇ

ਜ਼ਮਾਨਾ ਸੀ ਕਦੇ ਜਦੋਂ ਉਡਦੇ ਸੀ ਹਵਾ ਅੰਦਰ
ਹੁਣ ਤੁਰਦੇ ਵੀ ਹਾਂ ਤਾਂ ਵੈਸਾਖੀ ਦਾ ਸਹਾਰਾ ਲੈ ਕੇ

ਅੱਧਾ ਨਾਮ ਲੈ ਕੋਈ, ਭਰ ਦਿੰਦਾ ਸੀ ਕੰਨੀਂ ਮਿਠਾਸ
ਬੁਲਾਉਣਾ ਕਿਸੇ ਨਹੀਂ ਉਹ ਨਾਮ ਦੁਬਾਰਾ ਲੈ ਕੇ

ਸਾਂਝਾਂ ਦੇ ਪੁਲ ਬਣਾਈਏ ਪਿਆਰਾਂ ਦੀ ਨਦੀ ਉਤੇ
ਕਰਾਂਗੇ ਕੀ ਆਪਾਂ ਦੱਸ ਇਕ-ਇਕ ਕਿਨਾਰਾ ਲੈ ਕੇ

ਠੰਢੀ ਹਵਾ ਦਾ ਬੁੱਲਾ ਇਧਰ ਵੀ ਗੁਜ਼ਰ ਜਾਂਦਾ ਕੋਈ
ਦੇਖ ਲੈਂਦੇ ਝੂਲਦੇ ਬਿਰਖ਼ ਵਾਂਗੂ ਹੁਲਾਰਾ ਲੈ ਕੇ।

ਦਿਲ ਦੇ ਬੂਹੇ ਚੁੱਪ ਨੇ ਹੋਏ ਕੋਈ ਤਾਂ ਦਸਤਕ ਮਿਲੇ
ਹੁਣ ਪਿਆਸੀ ਏਸ ਰੂਹ ਨੂੰ ਦੋ ਘੜੀ ਮੁਹੱਬਤ ਮਿਲੇ

ਬੀਜ ਬੀਜੇ ਨੇ ਹਮੇਸ਼ਾ ਸਾਰੇ ਸੂਹੇ ਫੁੱਲ ਮਹਿਕਣ ਲਈ
ਕਦ ਅਸੀਂ ਸੀ ਚਾਹਿਆ ਕਿ ਇਸ ਤਰ੍ਹਾਂ ਨਫਰਤ ਮਿਲੇ

ਦੇਰ ਨਹੀਂ ਲਗਦੀ ਜ਼ਰਾ ਵੀ, ਵਕਤ ਜਦ ਆਉਂਦਾ ਬੁਰਾ
ਐ ਖ਼ੁਦਾ! ਹਰ ਆਦਮੀ ਨੂੰ ਚੰਗੀ ਹੀ ਕਿਸਮਤ ਮਿਲੇ

ਉਹ ਜੋ ਰੇਹੜੀ ਖਿੱਚ ਰਿਹਾ ਹੈ ਨੰਗੇ ਪੈਰੀਂ ਸੜਕ ਤੇ
ਕੀ ਉਦ੍ਹਾ ਸੁਪਨਾ ਸੀ ਉਸਨੂੰ ਚੰਦਰੀ ਗੁਰਬਤ ਮਿਲੇ

ਝੁੱਗੀਆਂ ਵਿਚ ਰਹਿਣ ਦੀ ਮਜਬੂਰੀ ਹੈ, ਹਾਲਾਤ ਨੇ
ਆਦਮੀ ਹਰ ਲੋਚਦੈ ਕਿ ਉਸਨੂੰ ਜੰਨਤ ਮਿਲੇ

ਮਹਿਕ ਦੀ ਵਾਦੀ ’ਚ ਘੁੰਮਾਂਗੇ ਅਸੀਂ ਕੱਠੇ ਕਦੇ
ਕੁਝ ਸਮਾਂ ਠਹਿਰੋ ਕਿ ਸ਼ਾਇਦ ਸਾਨੂੰ ਵੀ ਫੁਰਸਤ ਮਿਲੇ

ਆਸ਼ਿਕਾਂ ਦੇ ਹਿੱਸੇ ਆਇਆ ਹੈ ਸਦਾ ਸੰਤਾਪ ਹੀ
ਹੁਸਨ ਨੂੰ ਹਰ ਮੋੜ ਤੇ ਕਿਉਂ ਯਾ-ਖੁਦਾ ਸ਼ੁਹਰਤ ਮਿਲੇ।

ਬਾਹਰੀ ਧੁੱਪ ਦਾ ਸੇਕ ਨਹੀਂ ਅੰਦਰੂਨੀ ਅੱਗ ਸਤਾਉਂਦੀ ਹੈ
ਬਾਹਰੋਂ ਹਾਂ ਸ਼ਾਂਤ ਮਗਰ ਅੰਦਰ ਰੋਜ਼ ਸੁਨਾਮੀ ਆਉਂਦੀ ਹੈ

ਥੋੜ੍ਹੇ ਹੀ ਪਲ ਹੁੰਦਾ ਹੈ ਦਿਲ ਠੰਢਾ ਸ਼ੀਤ ਸਮੁੰਦਰ ਜਿਉਂ
ਬਹੁਤਾ ਵਕਤ ਤਾਂ ਚਾਰੇ ਪਾਸੇ ਗਮ-ਬੱਦਲੀ ਮੰਡਰਾਉਂਦੀ ਹੈ

ਉਸਦੇ ਸ਼ਹਿਰ ਦਾ ਨਾਅ ਸੁਣਕੇ ਦਿਲ ਅੱਜ ਵੀ ਕੰਬ ਜਾਂਦਾ ਹੈ
ਗੁਜ਼ਰੇ ਸਮੇਂ ਦੀ ਯਾਦ ਕੋਈ ਜਦ ਮੂਹਰੇ ਆਣ ਖਲੋਂਦੀ ਹੈ

ਅਸਰ ਜੁਦਾਈ ਦੇ ਜ਼ਹਿਰ ਦਾ ਮਿਟਦਾ ਕਦੇ ਨਹੀਂ ਯਾਰੋ
ਉਂਜ ਤਾਂ ਮੇਰੀ ਅੱਖ ਹਰ ਵੇਲੇ ਦਾਗ ਹਿਜਰ ਦਾ ਧੋਂਦੀ ਹੈ

ਚੌਗਿਰਦੇ ਵਿਚ ਬਾਂਸਰੀ ਜਿਹਾ ਕਿਧਰੇ ਵੀ ਸੰਗੀਤ ਨਹੀਂ ਹੈ
ਰੋਜ਼ ਸਵੇਰੇ ਮਨਹੂਸ ਖਬਰ ਕੋਈ ਆਣ ਜਗਾਉਂਦੀ ਹੈ

ਛੱਡ ਦਿਆਂਗੇ ਸਭ ਉਮੀਦਾਂ ਸੱਜਣਾ ਤੇਰੇ ਆਉਣ ਦੀਆਂ
ਅਜੇ ਵੀ ਕੋਈ ਪਰ ਦਸਤਕ ਤੇਰੇ ਆਉਣ ਦਾ ਲਾਰਾ ਲਾਉਂਦੀ ਹੈ

ਸਾਉਣ ਦੀ ਕਿਣ-ਮਿਣ ਜਾਂ ਫੱਗਣ ਦੀ ਫੁੱਲਾਂ ਭਰੀ ਚੰਗੇਰ ਕਿਤੇ
ਉਹਦੇ ਬਿਨ ਹਰ ਰੁੱਤ ਓਪਰੀ ਨਰਕ ਭੁਲੇਖਾ ਪਾਉਂਦੀ ਹੈ।

ਖਿੰਡ ਗਿਆ ਹਾਂ ਬਹੁਤ ਖੁਦ ਨੂੰ ਸਮੇਟਣਾ ਚਾਹੁੰਨਾ
ਅਕਸ ਧੁੰਦਲਾ ਹੋ ਗਿਆ ਹੈ ਮੇਟਣਾ ਚਾਹੁੰਨਾ

ਸ਼ਹਿਰ ਵਿਚ ਆਬਾਦ ਹੈ ਆਤਿਸ਼ ਹਰਿਕ ਕੋਨੇ
ਖਾਕ ਹੁੰਦੇ ਇਸ ਨੂੰ ਦੂਰੋਂ ਦੇਖਣਾ ਚਾਹੁੰਨਾ

ਲੱਗ ਰਹੀ ਹੈ ਦੁਨੀਆਂ ਰੁੱਖੀ ਤੇ ਉਜਾੜ ਜਿਹੀ
ਲੱਭ ਕੇ ਝੁੰਡ ਰੁੱਖਾਂ ਦਾ ਮੈਂ ਲੇਟਣਾ ਚਾਹੁੰਨਾ

ਭਿੜ ਤਾਂ ਸਕਦਾਂ ਹੁਣ ਵੀ ਤੁਹਾਡੇ ਕੁਕਰਮਾਂ ਨਾਲ ਮੈਂ
ਸਿਤਮਗਰ ਕਿੰਨੇ ਤੁਸੀਂ ਇਹ ਪਰਖਣਾ ਚਾਹੁੰਨਾ

ਰਹਿ ਗਏ ਨੇ ਜੋ ਅਧੂਰੇ ਖਾਬ, ਸੱਧਰਾਂ, ਹਸਰਤਾਂ
ਯਾਦ ਵਿਚ ਉਹਨਾਂ ਦੀ ਥੋੜਾ ਭਟਕਣਾ ਚਾਹੁੰਨਾ

ਪੁੱਟੀਆਂ ਨਾ ਜਾਂਦੀਆਂ ਲੰਮੀਆਂ ਪੁਲਾਂਘਾਂ ਹੋਰ
ਇਸ ਸਫਰ ਵਿਚ ਰੀਂਗ ਕੇ ਹੁਣ ਸਰਕਣਾ ਚਾਹੁੰਨਾ

ਬੱਦਲਾਂ ਦੀ ਇਕ ਹੀ ਕਾਤਰ ਦੇ ਦਿਓ ਮੈਨੂੰ
ਔੜ ਮਾਰੀ ਧਰਤ ਉਤੇ ਵਰਸਣਾ ਚਾਹੁੰਨਾ।

ਛਾਂ ਦੇ ਬਦਲੇ ਧੁੱਪ ਨੂੰ ਸਾਥੀ ਬਣਾ ਲਿਆ ਹੈ
ਤਪਦੇ ਤੰਦੂਰ ਵਾਂਗੂ ਖੁਦ ਨੂੰ ਤਪਾ ਲਿਆ ਹੈ

ਮਿਲਿਆ ਨਾ ਗੁਲਦਸਤਾ ਨਾ ਹਿੰਮਤ ਹਾਰੀ ਮੈਂ
ਖਾਰਾਂ ਦੇ ਨਾਲ ਆਪਣਾ ਕਮਰਾ ਸਜਾ ਲਿਆ ਹੈ

ਉਹਨੂੰ ਪਾਉਣ ਦੀ ਤਮੰਨਾ ਭਾਰੂ ਰਹੀ ਉਮਰ ਭਰ
ਮਿਲਿਆ ਸੀ ਕੀਮਤੀ ਜੋ ਇਹ ਜਨਮ ਗਵਾ ਲਿਆ ਹੈ

ਤਨਹਾਈ ਦਾ ਆਲਮ ਦਿਲ ਤਾਂ ਵੀ ਬਹਿਲ ਜਾਏ
ਗ਼ਮ ਨੂੰ ਏਸੇ ਕਰਕੇ ਕੋਲੇ ਬਿਠਾ ਲਿਆ ਹੈ

ਚਾਹੁੰਦੇ ਤਾਂ ਹਾਂ ਅਸੀਂ ਵੀ ਕਾਲੀ ਰਾਤ ਨਾ ਹੋਵੇ
ਜੁਗਨੂੰਆਂ ਨੇ ਰਲਕੇ ਇਕ ਝੁੰਡ ਬਣਾ ਲਿਆ ਹੈ

ਬੱਦਲ ਅਤੇ ਹਵਾ ਦੀ ਸਾਜ਼ਿਸ਼ ਦਾ ਹੈ ਨਤੀਜਾ
ਇਸ ਬਾਗ ਨੂੰ ਸੁਕਾਈਏ ਇਹ ਮਨ ਬਣਾ ਲਿਆ ਹੈ

ਮੇਰੇ ਹੀ ਸ਼ਹਿਰ ਅੰਦਰ ਹੈ ਦਿਨ ਸਮੇਂ ਹਨੇਰਾ
ਇਹ ਕਿਹੜੇ ਦਾਨਵਾਂ ਨੇ ਸੂਰਜ ਨੂੰ ਖਾ ਲਿਆ ਹੈ

ਤਿਤਲੀਆਂ ਦਾ ਕੀ ਹੈ ਇਹਨਾਂ ਮਰਦੇ ਰਹਿਣਾ
ਨਿੱਕੇ ਇਸ ਮਸਲੇ ਨੂੰ ਦਿਲ ਤੇ ਲਗਾ ਲਿਆ ਹੈ

ਖਿੰਡਦੇ ਹੀ ਜਾਂਦੇ ਹਾਂ ਰੋਜ਼ ਖ਼ਲਾਅ ਦੇ ਅੰਦਰ
ਅਸਮਾਨ ਉਪਰ ਆਪਣਾ ਇਕ ਘਰ ਬਣਾ ਲਿਆ ਹੈ।

ਵਕਤ ਦੇ ਨਾਂ ਯਾਰੋ ਸਾਫ ਵਸੀਅਤ ਲਿਖਣਾ
ਸੱਚ ਦੀ ਹਾਮੀ ਭਰਨੀ, ਝੂਠ ਨੂੰ ਲਾਅਨਤ ਲਿਖਣਾ

ਤੁਸੀਂ ਹੋ ਜੇਕਰ ਸ਼ਬਦਾਂ ਦੇ ਜਾਦੂਗਰ ਯਾਰੋ
ਸਭ ਤੋਂ ਪਹਿਲਾਂ ਜ਼ਰੂਰ ਸ਼ਬਦ ਮੁਹੱਬਤ ਲਿਖਣਾ

ਝੱਖੜ ਝੰਬੇ, ਰੁੰਡ ਮਰੁੰਡੇ, ਔੜ ਨੇ ਮਾਰੇ
ਉਹਨਾਂ ਉਦਾਸ ਰੁੱਖਾਂ ਦੀ ਵੀ ਹਾਲਤ ਲਿਖਣਾ

ਸੜਕਾਂ ਤੇ ਰੋੜੀ ਕੁੱਟਦੇ ਉਮਰਾ ਬੀਤ ਗਈ
ਫਿਰ ਵੀ ਰਿਹਾ ਗਰੀਬ ਇਹ ਕਿਸਦੀ ਸ਼ਰਾਰਤ ਲਿਖਣਾ

ਚੋਣਾਂ ਵੇਲੇ ਜੋੜਣ ਹੱਥ ਫਿਰ ਲੁੱਟਣ ਪੰਜ ਸਾਲ
ਦਿਲ ਵਿਚ ਲੀਡਰ ਰੱਖਦੇ ਕੋਝੀ ਨੀਯਤ ਲਿਖਣਾ

ਹਰ ਮੋੜ ਤੇ ਜੋ ਉਸਰੇ ਭਵਨ ਤੇ ਕਾਰਖਾਨੇ
ਇਹਨਾਂ ਨੂੰ ਜਦ ਲਿਖਣਾ ਮਜ਼ਦੂਰ ਦੀ ਮਿਹਨਤ ਲਿਖਣਾ

ਹਰ ਸ਼ਹਿਰ ਵਿਚ ਰਹਿੰਦੇ ਕੁਝ ਮੋਹਤਬਰ ਧਨਾਡ ਬੰਦੇ
ਐਵੇਂ ਨਾ ਹਰ ਚੀਜ਼ ਨੂੰ ਉਹਨਾਂ ਦੀ ਹੀ ਕਿਸਮਤ ਲਿਖਣਾ

ਕਾਗਜ਼ ਕਾਲੇ ਕਰਨਾ ਸ਼ੌਕ ਤੁਹਾਡਾ ਹੈ, ਪਰ
ਦਿਸਦੀ ਜਿਹੜੀ ਸਾਹਵੇਂ ਉਹ ਵੀ ਹਕੀਕਤ ਲਿਖਣਾ

ਜਿਥੇ ਪੌਣਾਂ ਉਦਾਸ ਫੁੱਲਾਂ ਨੂੰ ਲਗਦਾ ਸੇਕ
ਉਸ ਧਰਤੀ ਨੂੰ ਦਿਲ ਨਹੀਂ ਮੰਨਦਾ ਜੰਨਤ ਲਿਖਣਾ।

ਉਠੋ ਤੁਰੀਏ ਬੈਠਿਆਂ ਨੂੰ ਦੇਰ ਹੋ ਚੁੱਕੀ ਹੈ ਹੁਣ
ਕਾਫਿਲਾ ਕਿਰਨਾਂ ਦਾ ਆਇਆ, ਸਵੇਰ ਹੋ ਚੁੱਕੀ ਹੈ ਹੁਣ

ਢਹਿੰਦੀਆਂ ਸੋਚਾਂ ਨੂੰ ਹੁਣ ਆਖ ਦੇਵੋ ਅਲਵਿਦਾ
ਜਿਊਣ ਵਾਲੀ ਆਰਜ਼ੂ ਤਾਂ ਦਲੇਰ ਹੋ ਚੁੱਕੀ ਹੈ ਹੁਣ

ਰਲ ਕੇ ਆਪਾਂ ਦੇ ਦਈਏ ਇਕ ਹਲੂਣਾ ਏਸ ਨੂੰ
ਜਾਪਦਾ ਹੈ ਕਿ ਜ਼ਮੀਰ ਇਹ ਢੇਰ ਹੋ ਚੁੱਕੀ ਹੈ ਹੁਣ

ਸੱਚ ਦੀ ਪਗਡੰਡੀ ਉਤੇ ਦੂਰ ਤਾਈਂ ਚੱਲਣਾ
ਕੂੜ ਨਾਲ ਇਹ ਜ਼ਿੰਦਗੀ ਹਨੇਰ ਹੋ ਚੁੱਕੀ ਹੈ ਹੁਣ

ਦੂਰ ਤੋਂ ਆਉਂਦੀ ਨਜ਼ਰ ਅਹੁ ਸਤਰੰਗੀ ਪੀਂਘ ਹੈ
ਕਾਇਨਾਤ ਇਹ ਫੁੱਲਾਂ ਦੀ ਚੰਗੇਰ ਹੋ ਚੁੱਕੀ ਹੈ ਹੁਣ

ਅੰਬਰੀਂ ਉੱਚੀ ਉਡਾਰੀ ਹੁਣ ਤਾਂ ਲਾਵਾਂਗੇ ਜ਼ਰੂਰ
ਦੋਸਤੀ ਪੰਖੇਰੂਆਂ ਨਾਲ ਫੇਰ ਹੋ ਚੁੱਕੀ ਹੈ ਹੁਣ।

ਹਰ ਰਸਤੇ ਹਰ ਮੋੜ ’ਤੇ ਇਮਤਿਹਾਨ ਰਿਹਾ ਹੈ
ਕਾਇਮ ਤਾਂ ਵੀ ਸਾਡਾ ਹਰ ਵਕਤ ਇਮਾਨ ਰਿਹਾ ਹੈ

ਜੀਵਨ ਦਾ ਕੌੜਾ ਸੱਚ ਉਹ ਕਿੱਦਾਂ ਸਹਿਣ ਕਰੇਗਾ
ਜਿਸਦਾ ਕਿਰਦਾਰ ਹਮੇਸ਼ਾ ਝੂਠੀ ਸ਼ਾਨ ਰਿਹਾ ਹੈ

ਰੋਜ਼ ਬਿਰਖ਼ ਦੇ ਨਾਲ ਅਸੀਂ ਸੰਵਾਦ ਰਚਾਉਂਦੇ ਹਾਂ
ਲੋਕਾਂ ਦੀ ਨਜ਼ਰ ’ਚ ਇਹ ਬੇਜ਼ੁਬਾਨ ਰਿਹਾ ਹੈ

ਸ਼ਮਸ਼ਾਨਾਂ ਵਿਚ ਸੜਦਾ ਉਹ ਵੀ ਤੱਕ ਲਿਆ ਸਭ ਨੇ
ਜਿਸਨੂੰ ਆਪਣੇ ਮਹਿਲਾਂ ਤੇ ਬਹੁਤ ਗੁਮਾਨ ਰਿਹਾ ਹੈ

ਜਿੰਨੀ ਘੱਟ ਕੀਤੀ ਹੈ ਜਿਨ੍ਹਾਂ ਨੇ ਆਪਣੀ ਲਾਲਸਾ
ਉਹਨਾਂ ਲਈ ਗ਼ਮ ਸਹਿਣਾ ਬੜਾ ਅਸਾਨ ਰਿਹਾ ਹੈ

ਕੀੜੇ-ਮਕੌੜੇ ਇਸ ਧਰਤੀ ਦੇ ਅੰਤਿਮ ਵਾਰਿਸ ਨੇ
ਥੋੜ੍ਹਾ ਸਮਾਂ ਹੀ ਕਾਬਜ਼ ਇਸਤੇ ਇਨਸਾਨ ਰਿਹਾ ਹੈ

ਹਰ ਯੁੱਗ ਅੰਦਰ ਪੈਦਾ ਹੋਈਆਂ ਲੂਣਾਂ ਤੇ ਇੱਛਰਾਂ
ਹਰ ਯੁੱਗ ਵਿਚ ਆਉਂਦਾ ਪੂਰਨ ਸਲਵਾਨ ਰਿਹਾ ਹੈ।

ਜੇਠ ਹਾੜ ਦੀ ਧੁੱਪ ਜਿਸਮ ਤੇ ਜਰ ਲੈਣੀ ਸੀ
ਹਰ ਮੌਸਮ ਦੇ ਨਾਲ ਦੋਸਤੀ ਕਰ ਲੈਣੀ ਸੀ

ਕੋਈ ਸ਼ਰਬਤੀ ਨਿਗ੍ਹਾ ਸਵੱਲੀ ਹੋ ਜਾਂਦੀ ਤਾਂ
ਕਿਰਨ ਸੁਨਿਹਰੀ ਅੱਖਾਂ ਅੰਦਰ ਭਰ ਲੈਣੀ ਸੀ

ਧਰਤੀ ਦੇ ਇਕ ਕੋਨੇ ਜੇ ਫੁੱਲ ਉਗਾ ਲੈਂਦੇ
ਨਾਲ ਮੁਹੱਬਤ ਅਸੀਂ ਵੀ ਝੋਲੀ ਭਰ ਲੈਣੀ ਸੀ

ਖੇਡਣ ਦੇ ਦਿਨ ਚਾਰ ਅਸੀਂ ਜੋ ਗਵਾ ਬੈਠੇ
ਉਦੋਂ ਹੀ ਸੂਰਜ ਦੀ ਇਕ ਕਾਤਰ ਲੈਣੀ ਸੀ

ਪੂਰੀ ਕਰਨ ਲਈ ਇਬਾਰਤ ਅਧੂਰੇ ਖ਼ਤ ਦੀ
ਤੁਰਦੇ ਜਾਂਦੇ ਦੋਸਤ ਤੋਂ ਇਕ ਸਤਰ ਲੈਣੀ ਸੀ

ਯਾਰ ਸਮਝਦਾ ਆਪਣਾ ਜੇ, ਦਿੰਦਾ ਜ਼ਹਿਰ ਡਲੀ
ਚੁੱਪ ਚੁਪੀਤੇ ਉਹ ਵੀ ਜੀਭ ਤੇ ਧਰ ਲੈਣੀ ਸੀ।

ਚਾਹੁੰਦੇ ਤਾਂ ਅਸੀਂ ਵੀ ਹਾਂ ਕੁਝ ਪਿਆਰ ਜਿਹਾ ਲਿਖੀਏ
ਭਾਵੇਂ ਰੁੱਤਾਂ ਤਪਸ਼ ਦੀਆਂ, ਬਹਾਰ ਜਿਹਾ ਲਿਖੀਏ

ਬੜੀ ਹੀ ਅਮੀਰੀ ਤੇ ਹੈ ਗੁਰਬਤ ਦੁਨੀਆਂ ਅੰਦਰ
ਆ ਆਪਾਂ ਦੋਹਾਂ ਨੂੰ ਇਕਸਾਰ ਜਿਹਾ ਲਿਖੀਏ

ਧਰਤੀ ਤੇ ਜੋ ਸਿਰਜ ਗਏ ਕਿੰਨਾ ਕੁਝ ਨਵਾਂ
ਉਹਨਾਂ ਦੀ ਯਾਦ 'ਚ ਸਿਜਦਾ ਸਤਿਕਾਰ ਜਿਹਾ ਲਿਖੀਏ

ਕਹੇ ਕੋਈ ਜੇ ਏਸ ਸਿਆਸਤ ਵਿਚ ਰਲ ਜਾਉ
ਮੱਥੇ ਤਿਊੜੀ ਪਾ ਕੇ ਇਨਕਾਰ ਜਿਹਾ ਲਿਖੀਏ

ਇਕ ਵੀ ਘਰ ਨਹੀਂ ਸਲਾਮਤ ਏਸ ਨਗਰ ਵਿਚ
ਕਥਨ ਲੋਕਾਂ ਦੀ ਕਿਹੜੀ ਸਰਕਾਰ ਜਿਹਾ ਲਿਖੀਏ

ਸ਼ੋਰ ਮਸ਼ੀਨਾਂ ਦੇ ਵਿਚ ਝਾਂਜਰ ਗੁੰਮ ਗਈ ਹੈ
ਝੂਠਾ ਕਿੱਸਾ ਕਿੱਦਾਂ ਛਣਕਾਰ ਜਿਹਾ ਲਿਖੀਏ

ਸੁਬ੍ਹਾ ਦਾ ਭੁੱਲਿਆ ਸ਼ਾਮ ਨੂੰ ਵਾਪਸ ਮੁੜ ਸਕਦਾ ਹੈ
ਘਰ ਦੇ ਬੂਹੇ ਉਤੇ ਇੰਤਜ਼ਾਰ ਜਿਹਾ ਲਿਖੀਏ

ਅੰਤਿਮ ਸਾਹਾਂ ਤੀਕਰ ਏਦਾਂ ਵਫਾ ਨਿਭਾਈਏ
ਦਿਲ ਦੇ ਵਰਕੇ ਉਤੇ ਇਕਰਾਰ ਜਿਹਾ ਲਿਖੀਏ।

ਤੁਹਾਡੇ ਕਈ ਸਵਾਲਾਂ ਦਾ ਉੱਤਰ ਜਨਾਬ ਦੇ ਨਹੀਂ ਹੋਣਾ
ਪਹਿਲਾਂ ਵਾਂਗ ਹੱਸਦਾ ਗਾਉਂਦਾ ਪੰਜਾਬ ਦੇ ਨਹੀਂ ਹੋਣਾ

ਇਸ ਦੁਨੀਆਂ ਵਿਚ ਸਿਕੰਦਰ ਵਾਂਗ ਜਿਊਣਾ ਤਾਂ ਸੌਖਾ ਹੈ
ਐਪਰ ਸਾਡੇ ਕੋਲੋਂ ਪੋਰਸ ਵਾਂਗੂੰ ਜੁਆਬ ਦੇ ਨਹੀਂ ਹੋਣਾ

ਉਹ ਜਦ ਪੁੱਛਦੇ ਤੁਹਾਡਾ ਹਾਲ ਕਿਵੇਂ ਇਹਨੀਂ ਦਿਨੀਂ
ਇਸ ਤਰ੍ਹਾਂ ਕਰਜ਼ ਚੜ੍ਹ ਜਾਵੇ ਹਿਸਾਬ ਦੇ ਨਹੀਂ ਹੋਣਾ

ਅਸੀਂ ਪੇਸ਼ ਕੀਤੇ ਕਦੇ ਉਹਨਾਂ ਨੂੰ ਕਈ ਗੁਲਦਸਤੇ
ਦੇਖੋ ਅੱਜ ਦਾ ਆਲਮ ਸੁੱਕਾ ਗੁਲਾਬ ਦੇ ਨਹੀਂ ਹੋਣਾ

ਰਹਿਣੀ ਆਰਜ਼ੂ ਕਿਸੇ ਦੀ ਕਬਰ ਦੇ ਰਸਤਿਆਂ ਤੀਕਰ
ਜਦੋਂ ਵੀ ਮੋਏ ਤਾਂ ਚਿਹਰੇ ਉਤੇ ਨਕਾਬ ਦੇ ਨਹੀਂ ਹੋਣਾ

ਬਹੁਤ ਚੀਜ਼ਾਂ ਦਾ ਬਟਵਾਰਾ ਇੰਨਾ ਹੋ ਗਿਆ ਪੱਕਾ
ਸਾਡੇ ਕੋਲੋਂ ਬਿਆਸ ਉਹਤੋਂ ਝਨਾਬ ਦੇ ਨਹੀਂ ਹੋਣਾ

ਜਹਾਲਤ ਹੋ ਗਈ ਹੈ ਜਿਹਨਾਂ ਲੋਕਾਂ ਦੀ ਸੋਚ ਤੇ ਕਾਬਜ਼
ਚਾਹੇ ਖੈਰ ਮੰਗਣ ਇਲਮ ਦੀ ਸਾਥੋਂ ਕਿਤਾਬ ਦੇ ਨਹੀਂ ਹੋਣਾ

ਸੱਸੀ ਵਾਂਗੂੰ ਜਿਸ ਦਿਨ ਭਟਕ ਜਾਵਾਂਗੇ ਥਲਾਂ ਅੰਦਰ
ਹਮਦਰਦਾਂ ਸਾਡਿਆਂ ਤੋਂ ਤੁਪਕਾ ਵੀ ਆਬ ਦੇ ਨਹੀਂ ਹੋਣਾ।

ਮੈਂ ਹਾਜ਼ਿਰ ਹਾਂ ਮੁਲਜ਼ਿਮ ਵਾਂਗੂੰ
ਸਜ਼ਾ ਦਿਓ ਹੁਣ ਮੁਜ਼ਰਿਮ ਵਾਂਗੂੰ

ਰਾਤ ਗੁਜ਼ਰਦੀ ਬੇਚੈਨੀ ਵਿਚ
ਹਰ ਦਿਨ ਗੁਜ਼ਰੇ ਮਾਤਮ ਵਾਂਗੂੰ

ਅਸੀਂ ਖੜ੍ਹੇ ਹਾਂ ਬਿਰਖਾਂ ਵਾਂਗਰ
ਉਹ ਮਿਲਦੇ ਨੇ ਮੌਸਮ ਵਾਂਗੂੰ

ਪੈਰਾਂ ਹੇਠ ਅਸੀਂ ਹੱਥ ਦਿੱਤੇ
ਉਹ ਆਏ ਇਕ ਰਸਮ ਵਾਂਗੂੰ

ਕਰੀਏ ਕਿਵੇਂ ਯਕੀਨ ਉਨ੍ਹਾਂ ਤੇ
ਵਾਅਦੇ ਝੂਠੀ ਕਸਮ ਵਾਂਗੂੰ

ਉਮਰ ਬਿਤਾਈ ਕਰ ਪਰਿਕਰਮਾ
ਨਿਕਲੇ ਪੱਥਰ ਦੇ ਸਨਮ ਵਾਂਗੂੰ।

ਤੁਰ ਪਏ ਹਾਂ ਅੱਥਰੇ ਤੂਫਾਨ ਬਣਕੇ
ਖੜ੍ਹ ਗਏ ਤਾਂ ਖੜ੍ਹਾਂਗੇ ਚਟਾਨ ਬਣਕੇ

ਚਾਰੇ ਪਾਸੇ ਮੱਚਿਆ ਹੋਇਆ ਕੁਹਰਾਮ ਏਥੇ
ਝੂਲੋ ਤੁਸੀਂ ਯਾਰੋ! ਯਾਰੀ ਦੇ ਨਿਸ਼ਾਨ ਬਣਕੇ

ਬੰਬ ਤੇ ਬਰੂਦ ਏਥੇ ਨਾ ਉਗਾਓ
ਏਸ ਧਰਤੀ ਤੇ ਰਹੋ ਇਨਸਾਨ ਬਣਕੇ

ਵਾਸਤਾ ਹੈ ਏਸ ਦੀ ਕੁੱਖ ਨਾ ਫਰੋਲੋ
ਮਿੱਟੀ ਜਰਖ਼ੇਜ ਕਰੋ ਕਿਰਸਾਨ ਬਣਕੇ

ਨਾ ਸਦੀਵੀ ਹੈ ਪੜਾਅ ਏਥੇ ਕਿਸੇ ਦਾ
ਏਸ ਦੁਨੀਆਂ ਵਿਚ ਰਹੋ ਮਹਿਮਾਨ ਬਣਕੇ

ਹੈ ਪਰਿੰਦਾ ਆਇਆ ਕੋਈ ਸਾਡੇ ਦਰਾਂ ਤੇ
ਚੋਗ ਪਾਈਏ ਓਸਨੂੰ ਮੇਜ਼ਬਾਨ ਬਣਕੇ।

ਜਦ ਤੋਂ ਤੇਰੀ ਸੰਗਤ ਗਈ
ਮਹਿਫਿਲ ਵਿਚੋਂ ਰੰਗਤ ਗਈ

ਚਾਰੇ ਪਾਸੇ ਬੀਆਬਾਨ
ਖੌਰੇ ਕਿਧਰ ਜੰਨਤ ਗਈ

ਘਸਮੈਲਾ ਚੌਗਿਰਦਾ ਦਿਸੇ
ਰੰਗਾਂ ਦੀ ਹੁਣ ਚਾਹਤ ਗਈ

ਬੁੱਤਾਂ ਵਰਗੇ ਲੋਕ ਮਿਲੇ
ਜਿੰਦਾ ਦਿਲ ਉਹ ਸੂਰਤ ਗਈ

ਥਾਂ ਥਾਂ ਤੇ ਵੰਗਾਰ ਖੜੀ
ਐਪਰ ਕਿਥੇ ਗੈਰਤ ਗਈ

ਬੁਰੇ ਨੂੰ ਸ਼ੁਹਰਤ ਮਿਲੀ
ਸਾਊ ਦੀ ਹੁਣ ਇਜ਼ਤ ਗਈ

ਰਾਜ਼ੀ ਨਹੀਂ ਹੋਇਆ ਖੁਦਾ
ਦੁਆ ਗਈ ਮੰਨਤ ਗਈ।

ਜੀ ਤਾਂ ਕਰਦੈ ਬੀਤ ਗਿਆ ਜੋ, ਕੱਲ੍ਹ ਹੋ ਜਾਈਏ
ਭੁੱਲੇ ਵਿਸਰੇ ਸਮੇਂ ਦੀ ਕੋਈ ਗੱਲ ਹੋ ਜਾਈਏ

ਚਾਹੁੰਦੇ ਹਾਂ ਕਿ ਕਾਲੀ ਘਟਾ ਕੋਈ ਫਿਰ ਬਰਸੇ
ਮਾਰੂਥਲ ਤੋਂ ਆਪਾਂ ਨਦੀ ਦੀ ਛੱਲ ਹੋ ਜਾਈਏ

ਸਾਡਾ ਵਾਹ ਰਿਹਾ ਨਾਸਤਿਕਾਂ ਨਾਲ ਉਮਰ ਭਰ
ਢਲਦੀ ਉਮਰੇ ਕਿਹੜੇ ਰੱਬ ਦੇ ਵੱਲ ਹੋ ਜਾਈਏ

ਇਕ ਕਿਣਕੇ ਤੋਂ ਬਣਨਾ ਹੈ ਅਜੇ ਅਥਾਹ ਸ਼ਕਤੀ
ਚਲੋ ਕਿ ਤੁਰਦੇ ਕਾਫਿਲੇ ਵਿਚ ਸ਼ਾਮਿਲ ਹੋ ਜਾਈਏ

ਤਲਖ਼ ਸੁਭਾਅ ਹੀ ਸਾਡਾ, ਬਣਿਆ ਸਾਡਾ ਦੁਸ਼ਮਣ
ਜ਼ਰਾ ਕੁ ਸ਼ਾਂਤ ਹੋ ਜਾਈਏ ਤਾਂ ਤਰਥੱਲ ਹੋ ਜਾਈਏ।

ਮੈਂ ਹੰਝੂ ਹੋ ਗਿਆ ਐਪਰ ਉਹ ਸਾਗਰ ਹੋ ਨਹੀਂ ਸਕਿਆ
ਮੇਰੇ ਇਕ ਦਰਦ ਦੇ ਕਤਰੇ ਨੂੰ ਉਹ ਅੰਦਰ ਸਮੋ ਨਹੀਂ ਸਕਿਆ

ਉਦ੍ਹੇ ਇਸ ਹਿਜਰ ਨੇ ਮੇਰੀ ਕਦੇ ਵੀ ਬਾਂਹ ਨਹੀਂ ਛੱਡੀ
ਉਹ ਮੇਰੀ ਯਾਦ ਵਿਚ ਥੋੜਾ ਉਦਾਸ ਹੋ ਨਹੀਂ ਸਕਿਆ

ਪਤਾ ਨਹੀਂ ਕੌਣ ਨੇ ਉਹ ਜੋ ਸਮੇਂ ਦੇ ਨਾਲ ਤੁਰਦੇ ਨੇ
ਮੈਂ ਤੁਰ ਕੇ ਵੀ ਕਦੇ ਹਾਣੀ ਸਮੇਂ ਦਾ ਹੋ ਨਹੀਂ ਸਕਿਆ

ਬੜੀ ਹੀ ਦੇਰ ਮੈਂ ਰੁਕਿਆ ਨਜ਼ਰ ਉਸਦੀ ਸਾਹਵੇਂ ਪਰ
ਰਿਹਾ ਉਹ ਦੂਰ ਹੀ ਮੈਥੋਂ ਤੇ ਨੇੜੇ ਹੋ ਨਹੀਂ ਸਕਿਆ

ਸਦਾ ਆਹਟ ਜਿਹੀ ਰਹਿੰਦੀ ਉਹਦੇ ਕਦਮਾਂ ਦੀ ਸੋਚਾਂ ਵਿਚ
ਮੈਂ ਉਹਦੀ ਯਾਦ ਦਾ ਬੂਹਾ ਕਦੇ ਵੀ ਢੋ ਨਹੀਂ ਸਕਿਆ

ਬੜੇ ਹੀ ਰੰਗ ਕੁਦਰਤ ਨੇ ਮੇਰੇ ਮੂਹਰੇ ਬਖੇਰੇ ਸੀ
ਕੋਈ ਵੀ ਰੰਗ ਆਪਣੇ ਵਾਸਤੇ ਮੈਂ ਛੋਹ ਨਹੀਂ ਸਕਿਆ।

ਤੁਰਾਂਗੇ ਜਿਹੜੇ ਵੀ ਰਾਹ ਤੇ ਕੋਈ ਪੈਗਾਮ ਦੇਵਾਂਗੇ
ਕਰਾਂਗੇ ਝੂਠ ਨੂੰ ਪਾਸੇ ਤੇ ਸੱਚ ਨੂੰ ਸਲਾਮ ਦੇਵਾਂਗੇ

ਕਿਸੇ ਨੇ ਪੁੱਛਿਆ ਕਿ ਬੇਵਫਾ ਉਹ ਕੌਣ ਸੀ ਆਖਿਰ
ਮੁਕੱਦਰ ਆਪਣੇ ਤੇ ਹੀ ਅਸੀਂ ਇਲਜ਼ਾਮ ਦੇਵਾਂਗੇ

ਮੇਰੇ ਮੋਢੇ ਤੇ ਸਿਰ ਰੱਖ ਕੇ ਤੂੰ ਸੌਂ ਜਾਵੀਂ ਜਦੋਂ ਮਰਜ਼ੀ
ਸਫਰ ਵਿਚ ਹਰ ਘੜੀ ਤੈਨੂੰ ਅਸੀਂ ਅਰਾਮ ਦੇਵਾਂਗੇ

ਬਥੇਰਾ ਭਟਕੇ ਹਾਂ ਹੁਣ ਤੀਕਰ ਇਸ ਦੇ ਲੱਗ ਕੇ ਆਖੇ
ਇਹ ਘੋੜਾ ਦਿਲ ਦਾ ਅੱਥਰਾ ਹੈ ਇਹਨੂੰ ਲਗਾਮ ਦੇਵਾਂਗੇ

ਵਫਾ ਮੌਸਮ ਕਰੇ ਜਾਂ ਨਾ ਉਦ੍ਹੀ ਮਰਜ਼ੀ ਤੇ ਨਿਰਭਰ ਹੈ
ਕਲਮ ਆਪਣੀ ਤੋਂ ਤਾਜ਼ਾ ਹੋਰ ਇਕ ਕਲਾਮ ਦੇਵਾਂਗੇ

ਕਹਾਣੀ ਏਸ ਦਾ ਆਗਾਜ਼ ਭਾਵੇਂ ਸੀ ਰਿਹਾ ਫਿੱਕਾ
ਮਗਰ ਹੁਣ ਖੂਬਸੂਰਤ ਏਸ ਨੂੰ ਅੰਜਾਮ ਦੇਵਾਂਗੇ।

ਜੰਗਲਾਂ ਦੇ ਜਾਨਵਰ ਘਬਰਾ ਗਏ ਹੁਣ
ਆਦਮੀ ਨੇ ਸ਼ਹਿਰ ਦੇ ਆ ਗਏ ਹੁਣ

ਬੋਹੜ, ਪਿੱਪਲ ਦਾ ਵੀ ਹਿਰਦਾ ਦਹਿਲਿਆ ਹੈ
ਇਕ ਕਲੋਨੀ ਦੇ ਉਹ ਨਕਸ਼ੇ ਵਾਹ ਗਏ ਹੁਣ

ਬਿਰਖਾਂ ਤੇ ਬੈਠੇ ਪਰਿੰਦੇ ਸੋਚਦੇ ਨੇ
ਏਥੋਂ ਉਡਕੇ ਜਾਣ ਦੇ ਦਿਨ ਆ ਗਏ ਹੁਣ

ਭਾਵੇਂ ਦਮ ਘੁਟਦਾ ਹੈ ਆ ਕੇ ਸ਼ਹਿਰ ਅੰਦਰ
ਫਿਰ ਵੀ ਪਿੰਡੋਂ ਲੋਕ ਸ਼ਹਿਰੀਂ ਆ ਗਏ ਹੁਣ

ਆਦਮੀ ਇਥੇ ਰਹੇਗਾ ਕਿਸ ਤਰ੍ਹਾਂ ਦੱਸ
ਕਾਲੇ ਬੱਦਲ ਹਰਿਕ ਪਾਸੇ ਛਾ ਗਏ ਹੁਣ।

ਤੇਰੇ ਤੁਰ ਜਾਣ ਤੇ ਨਾ ਅੱਖਾਂ ਵਿਚ ਕੋਈ ਨਮੀ ਲਿਆਵਾਂਗੇ
ਹੰਝੂਆਂ ਦੇ ਹੜ੍ਹ ਵਿਚ ਅੱਗੇ ਤੋਂ ਕੁਝ ਕਮੀ ਲਿਆਵਾਂਗੇ

ਨੇਰ੍ਹੇ ਵਿਚ ਵੀ ਭਾਲ ਲਵਾਂਗੇ ਕਾਤਰ ਇਕ ਚਾਨਣ ਦੀ
ਰਾਤਾਂ ਤੋਂ ਪਾਰ ਸਵੇਰ ਨਵੀਂ ਅਸੀਂ ਜ਼ਰੂਰ ਜਗਾਵਾਂਗੇ

ਬੜੀ ਮੁੱਦਤ ਤੋਂ ਹੈ ਵਿਰਾਨੇ ਅਤੇ ਉਜਾੜ ਦਾ ਆਲਮ
ਹੁਣ ਫੁਰਸਤ ਮਿਲੀ ਇਸ ਘਰ ਦਾ ਹਰ ਕੋਨਾ ਸਜਾਵਾਂਗੇ

ਜਿਨ੍ਹਾਂ ਹਸਰਤਾਂ ਤੇ ਕਾਬਜ਼ ਰਿਹਾ ਸਦਾ ਕਠੋਰ ਹਾਕਮ
ਆਉਂਦੇ ਸਮਿਆਂ ਵਿਚ ਉਹਨਾਂ ਤੇ ਫਿਰ ਹੱਕ ਜਮਾਵਾਂਗੇ

ਜਿਹੜੇ ਤੁਰੇ ਨਹੀਂ ਸਾਡੇ ਨਾਲ ਬਿਖੜੇ ਪੈਂਡਿਆਂ ਉਪਰ
ਕੱਠੇ ਤੁਰਿਆਂ ਹੈ ਸਫਰ ਸੌਖਾ ਇਹ ਅਹਿਸਾਸ ਕਰਾਵਾਂਗੇ

ਤੈਰਦੇ ਅੱਖਾਂ ਵਿਚ ਜਿਹੜੇ ਕੋਮਲ ਜਿਹੇ ਸੁਪਨੇ
ਤੱਤੀ ਹਵਾ ਦੇ ਸੇਕ ਤੋਂ ਉਹ ਅਰਮਾਨ ਬਚਾਵਾਂਗੇ।

ਰੁੱਤਾਂ ਬਦਲਣ ਰੁੱਖ ਨੂੰ ਆਪਣੀ ਪਹਿਲਾਂ ਵਾਲੀ ਸ਼ਾਨ ਮਿਲੇ
ਫੁੱਲ ਵੀ ਆਪਣਾ ਦੁੱਖ ਦੱਸੇਗਾ ਜੇਕਰ ਕਿਤੇ ਜ਼ੁਬਾਨ ਮਿਲੇ

ਆਉਣ ਘਟਾਵਾਂ, ਝੜੀਆਂ ਲੱਗਣ ਤੇ ਕੂਕਣ ਕੋਇਲ, ਮੋਰ
ਬੰਜਰ ਰੁੱਖੀ ਧਰਤੀ ਨੂੰ ਫਿਰ ਪਹਿਲਾਂ ਵਾਲੀ ਜਾਨ ਮਿਲੇ

ਪੁੱਛੀਏ ਉਹਨੂੰ ਕਿੱਥੋਂ ਲੱਭੀ ਤੈਨੂੰ ਗਿੱਦੜਸਿੰਗੀ ਹੈ
ਬਿਨ ਕਰਜ਼ੇ ਤੋਂ ਇਸ ਧਰਤੀ ਤੇ ਜੇਕਰ ਕੋਈ ਕਿਸਾਨ ਮਿਲੇ

ਉਮਰ ਗਾਲ ਲੀ ਕਿਤੋਂ ਨਾ ਲੱਭਿਆ ਚਾਰ ਦਿਸ਼ਾਵਾਂ ਢੂੰਡ ਲਈਆਂ
ਜਿਹੜੇ ਪਿੰਡ ਨਾ ਮਾਤਮ ਹੋਵੇ ਜਿਥੇ ਨਾ ਸ਼ਮਸ਼ਾਨ ਮਿਲੇ

ਮੇਰੇ ਦੇਸ਼ ਦਾ ਹਰ ਬੰਦਾ ਚਾਹੇ ਵੱਡਾ ਲੀਡਰ ਬਣਨਾ
ਮੈਥੋਂ ਵੱਧ ਕੋਈ ਨਾ ਹੋਵੇ ਮੈਨੂੰ ਹੀ ਪਹਿਚਾਨ ਮਿਲੇ

ਖੁਸ਼ਬੂ ਫੈਲੇ ਚਾਰ ਚੁਫੇਰੇ ਮਹਿਕੀ ਮਹਿਕੀ 'ਵਾ ਹੋਵੇ
ਉਜੜੇ ਘਰ ਦੀ ਲੋਚਾ ਹੈ ਇਹ ਫਿਰ ਕੋਈ ਮਹਿਮਾਨ ਮਿਲੇ

ਜਗਿਆਸਾ ਨਾ ਪੂਰੀ ਹੋਵੇ ਘਰ ਦੀ ਚਾਰ ਦੀਵਾਰੀ ਵਿਚ
ਜੇ ਸਿਧਾਰਥ ਤੋਂ ਗੌਤਮ ਹੋਈਏ ਫਿਰ ਹੀ ਕੋਈ ਗਿਆਨ ਮਿਲੇ।

ਪਗਡੰਡੀ ਜ਼ਿੰਦਗੀ ਦੀ ਇਕ ਮੋੜ ਐਸਾ ਮੁੜ ਗਈ
ਬੇਗਾਨਗੀ ਦੀ ਰੁੱਤੇ ਹੋ ਦੋਸਤਾਂ ਦੀ ਥੁੜ ਗਈ

ਮੈਨੂੰ ਨਾ-ਚਾਹੁਣ ਵਾਲੇ ਸੋਚਣਗੇ ਲਾਜ਼ਮੀ ਹੀ
ਕੀ ਏਸ ਦੀ ਸੀ ਖੂਬੀ ਅਰਥੀ ਤੇ ਭੀੜ ਜੁੜ ਗਈ

ਸਦੀਆਂ ਤੋਂ ਆਰਜ਼ੂ ਸੀ ਖੁਸ਼ਬੂ ਲਵਾਂ ਮੈਂ ਫੁੱਲ ਤੋਂ
ਲੇਕਿਨ ਤਮੰਨਾ ਰੰਗਲੀ ਹੰਝੂਆਂ ਦੇ ਵਿਚ ਹੀ ਰੁੜ ਗਈ

ਇਸ ਉਮਰ ਦੇ ਸਫਰ ਦਾ ਕੌੜਾ ਸਵਾਦ ਸੀ ਬਹੁਤ
ਸੁਲਝਾਉਂਦਿਆਂ ਹੀ ਉਲਝਣ ਤਾਣੀ ਵਿਗੜ ਵਿਗੜ ਗਈ

ਲਗ ਗਈ ਹੈ ਰਿਸ਼ਤਿਆਂ ਨੂੰ ਯਾਰੋ ਨਜ਼ਰ ਕਿਸੇ ਦੀ
ਬੰਦਾ ਇਕੱਲਾ ਹੋ ਗਿਆ ਦੁਨੀਆ ਬੜੀ ਸੁੰਗੜ ਗਈ।

ਮੌਸਮ ਇਹ ਉਦੋਂ ਜਿਹਾ ਮੌਸਮ ਨਹੀਂ
ਪਹਿਲਾਂ ਵਾਂਗੂੰ ਮਹਿਕਦਾ ਗੁਲਸ਼ਨ ਨਹੀਂ

ਜ਼ਿੰਦਗੀ ਵਿਚ ਜੋੜੀਏ ਕੁਝ ਪਲ ਸਕੂਨ
ਲੱਭੀਏ ਦਰ ਜਿਸ ਜਗ੍ਹਾ ਮਾਤਮ ਨਹੀਂ

ਆਪਣਿਆਂ ਨੂੰ ਅਲਵਿਦਾ ਇੰਜ ਕਿਉਂ ਕਹਾਂ
ਆਦਮੀ ਹਾਂ ਆਮ ਮੈਂ ਗੌਤਮ ਨਹੀਂ

ਕਿਸ ਤਰ੍ਹਾਂ ਲੱਭਾਂਗੇ ਜੁਗਨੂੰ ਦੋਸਤੋ
ਨ੍ਹੇਰਿਆਂ ਸੰਗ ਖਹਿਣ ਦੀ ਹਿੰਮਤ ਨਹੀਂ

ਤਾਜ ਇਕ ਉਸਰੇਗਾ ਆਪਣੇ ਵਾਸਤੇ
ਕੌਣ ਕਹਿੰਦੈ ਆਪਣੀ ਇਹ ਕਿਸਮਤ ਨਹੀਂ।

ਧਰਤੀ ਦੀ ਹਿੱਕ ਉੱਤੇ ਖਿਚੀਏ ਇਕ ਸਿਆੜ ਜਿਹਾ
ਕਾਇਨਾਤ ਇਹ ਤਾਜ਼ਾ ਹੋਵੇ ਕਰੋ ਜੁਗਾੜ ਜਿਹਾ

ਰੀਝ ਬੜੀ ਸੀ ਵਿਹੜੇ ਵਿਚ ਕੁਝ ਫੁੱਲ ਉਗਾਵਾਂਗੇ
ਵੇਖੋ ਕੀ ਕੁਝ ਉੱਗ ਪਿਆ ਕੰਡਿਆਲੀ ਝਾੜ ਜਿਹਾ

ਸ਼ੁਹਰਤ ਤੇ ਸਨਮਾਨ ਸਦਾ ਲਈ ਢਾਰਸ ਬਣਦੇ ਨਾ
ਸ਼ੋ-ਕੇਸਾਂ ਵਿਚ ਸਜੇ ਮੋਮੈਂਟੋ ਲਗਦੇ ਕਬਾੜ ਜਿਹਾ

ਸ਼ਹਿਰ ਤੇਰੇ ਦੀ ਫ਼ਿਜ਼ਾਂ ਇਹ ਭਾਵੇਂ ਬਹੁਤੀ ਖਰਵੀ ਨਹੀਂ
ਫਿਰ ਵੀ ਸੀਨੇ ਅੰਦਰ ਕਾਹਤੋਂ ਹੈ ਇਕ ਸਾੜ ਜਿਹਾ

ਠੰਡੀ 'ਵਾ ਤੇ ਹਰਿਆਲੀ ਤਾਂ ਖੁੱਸ ਗਈ ਸਾਥੋਂ
ਤਨ ਤੇ ਭੋਗ ਰਹੇ ਹਾਂ ਯਾਰੋ! ਮੌਸਮ ਹਾੜ ਜਿਹਾ

ਕੁਦਰਤ ਦਾ ਨਿਜ਼ਾਮ ਹੈ ਲਗਦਾ ਥੋੜੇ ਸਮੇਂ ਦੀ ਖੇਡ
ਫੁੱਲਾਂ ਦੀ ਬਸਤੀ ਬਣਜੂ ਕੋਈ ਉਜਾੜ ਰਿਹਾ।

ਸਾਕੀਆ ਇਹ ਜਾਮ ਹੁਣ ਭਾਉਂਦਾ ਨਹੀਂ
ਇਹਦੇ ਵਿਚੋਂ ਸਰੂਰ ਹੁਣ ਆਉਂਦਾ ਨਹੀਂ

ਬਿਰਖ ਤੇ ਬੈਠਾ ਪਰਿੰਦਾ ਦੋਸਤੋ!
ਗੀਤ ਕਿਉਂ ਪਹਿਲਾਂ ਜਿਹਾ ਗਾਉਂਦਾ ਨਹੀਂ

ਕੁਰਸੀਆਂ ਦੀ ਘਰ 'ਚ ਕੋਈ ਘਾਟ ਨਾ
ਬਹਿਣ ਵਾਲਾ ਪਰ ਕੋਈ ਆਉਂਦਾ ਨਹੀਂ

ਅੱਖਾਂ ਉੱਤੇ ਕਾਲੀ ਐਨਕ ਲਾ ਲਵੀਂ
ਤੇਰਾ ਚਿਹਰਾ ਉਦਾਸ ਇਹ ਸੋਂਹਦਾ ਨਹੀਂ

ਚੋਭਾਂ, ਨਸ਼ਤਰ ਦੇਣ ਵਾਲੇ ਬਹੁਤ ਨੇ
ਜ਼ਖ਼ਮ ਤੇ ਮਰਹਮ ਕੋਈ ਲਾਉਂਦਾ ਨਹੀਂ।

ਚੰਮ ਦੇ ਚਿੱਟੇ ਚਿੱਟੇ ਦਿਲ ਦੇ ਕਾਲੇ ਲੋਕ
ਹੁਣ ਨਹੀਂ ਲੱਭਣੇ ਪਿਆਰ ਮੁਹੱਬਤ ਵਾਲੇ ਲੋਕ

ਹਰ ਬੰਦੇ ਵਿਚ ਅੱਜ ਕੱਲ ਸੌ ਸੌ ਵਲ ਛਲ ਹੈ
ਕਿੱਧਰ ਗਏ ਉਹ ਸਾਦੇ ਭੋਲੇ ਭਾਲੇ ਲੋਕ

ਚਿਹਰੇ ਉਤੇ ਪਹਿਨ ਮਖੌਟਾ ਘੁੰਮਦੇ ਨੇ
ਬੁੱਲ੍ਹਾਂ ਤੇ ਵੀ ਲਾ ਕੇ ਰੱਖਦੇ ਤਾਲੇ ਲੋਕ

ਭਾਈਚਾਰਾ ਮਨਫੀ ਹੋਇਆ ਸੱਥਾਂ 'ਚੋਂ
ਡਾਲ੍ਹਰ, ਪੌਂਡਾਂ, ਨੋਟਾਂ ਨੇ ਇਹ ਗਾਲੇ ਲੋਕ

ਸੱਚਾ ਵਣਜ ਵਪਾਰ ਦੂਰ ਦੀ ਗੱਲ ਰਿਹਾ
ਨਿੱਤ ਦਿਹਾੜੇ ਕਰਦੇ ਘਾਲੇ ਮਾਲੇ ਲੋਕ

ਸ਼ਬਦਾਂ ਦੇ ਵਿਚ ਸੱਚ ਦਾ ਸੂਰਜ ਚਮਕ ਰਿਹਾ
ਦੋਸ਼ ਹੈ ਕਿਸਦਾ ਜੇ ਨਾ ਸਮਝਣ ਹਾਲੇ ਲੋਕ।

ਇਹ ਦਿਨ ਬੜੇ ਡਰਾਉਣੇ ਯਾਰ
ਰੂਹ ਨੂੰ ਅੱਗਾਂ ਲਾਉਣੇ ਯਾਰ

ਸੂਲਾਂ, ਛੁਰੀਆਂ ਵਰਗੇ ਪਲ
ਤਨ ਤੇ ਪਏ ਹੰਢਾਉਣੇ ਯਾਰ

ਜ਼ਖ਼ਮੀ ਰਿਸ਼ਤੇ ਜਿਗਰੀਂ ਪੀੜ
ਸੁਪਨੇ ਜਿਵੇਂ ਘਿਨਾਉਣੇ ਯਾਰ

ਖਿੜੇ ਬਗੀਚੇ, ਠੰਡੀ ਪੌਣ
ਲਗਦੇ ਜਿਵੇਂ ਪ੍ਰਾਹੁਣੇ ਯਾਰ

ਪਿਆਸੀ ਰੁੱਤ ਲਹੂ ਦੇ ਕਤਰੇ
ਦਿਲ ਨੂੰ ਪਏ ਪਿਲਾਉਣੇ ਯਾਰ

ਆਪਣੇ ਹੱਥੀਂ ਰੰਗਲੇ ਖ਼ਾਬ
ਪੈਂਦੇ ਕਤਲ ਕਰਾਉਣੇ ਯਾਰ।

ਜੇ ਹਨੇਰਾ ਚੀਰਨੈ ਤੁਰ ਪਓ ਮਸ਼ਾਲਾਂ ਬਾਲ ਕੇ
ਦਮ ਲਵਾਂਗੇ ਦੋਸਤੋ ਫਿਰ ਮੰਜ਼ਿਲਾਂ ਨੂੰ ਭਾਲ ਕੇ

ਉੱਠ ਕੇ ਜਿਹਨਾਂ ਸਵੇਰੇ ਸਿਰਫ ਕਹਿਣੈ “ਜੀ ਹਜ਼ੂਰ”
ਕੀ ਕਰਾਂਗੇ ਉਹਨਾਂ ਤਾਈਂ ਸੁੱਤਿਆਂ ਉਠਾਲ ਕੇ

ਰੁੱਤ ਬਹਾਰਾਂ ਦੀ ਹੈ ਆਈ ਉਹ ਵੀ ਕਿਧਰੇ ਖਿੰਡ ਗਏ
ਆਲ੍ਹਣੇ ਲਈ ਰੱਖੇ ਸਨ ਤਿਨਕੇ ਮਸਾਂ ਸੰਭਾਲ ਕੇ

ਆਪਣੇ ਹਿੱਸੇ ਦਾ ਚਾਨਣ ਕਰਨਾ ਹਾਸਲ ਹੈ ਜ਼ਰੂਰ
ਸਿਰਜਨੇ ਸੂਰਜ ਨਵੇਂ ਜਿਸਮ ਆਪਣੇ ਢਾਲ ਕੇ

ਪੱਥਰਾਂ ਦੀ ਹਰ ਨਜ਼ਰ ਤੋਂ ਇਸਦਾ ਕਰਨਾ ਹੈ ਬਚਾਅ
ਘਰ ਬਣਾਇਆ ਸ਼ੀਸ਼ੇ ਦਾ ਜੋ ਜਫਰ ਬਹੁਤੇ ਜਾਲ ਕੇ।

ਸੁਪਨਿਆਂ ਸੰਗ 'ਡਾਰੀਆਂ ਲਾਇਆ ਕਰਾਂਗੇ
ਸ਼ਹਿਰ ਤੇਰੇ ਫੇਰੀਆਂ ਪਾਇਆ ਕਰਾਂਗੇ

ਅਗਲੇ ਬਚਪਨ ਜਦ ਕਦੇ ਵੀ ਫਿਰ ਮਿਲਾਂਗੇ
ਘਰ ਬਣਾ ਕੇ ਰੇਤ ਦੇ ਢਾਇਆ ਕਰਾਂਗੇ

ਸ਼ਾਮ ਨੂੰ ਫੁਰਸਤ ਮਿਲੀ ਤਾਂ ਬੈਠ ਇਕੱਲੇ
ਜਾਮ ਤੇਰੇ ਨਾਮ ਦਾ ਪਾਇਆ ਕਰਾਂਗੇ

ਛਾ ਗਈ ਦਿਲ ਤੇ ਉਦਾਸੀ ਜਦ ਕਦੇ ਵੀ
ਗੀਤ ਪਤਝੜ ਦਾ ਕੋਈ ਗਾਇਆ ਕਰਾਂਗੇ

ਦਰਦ ਆਪਣੇ ਦਾ ਨਿਵਾਰਨ ਜਦ ਨਾ ਹੋਇਆ
ਤੇਰਾ ਦਰ ਹੀ ਫੇਰ ਖੜਕਾਇਆ ਕਰਾਂਗੇ।

ਮਰਦੀਆਂ ਨੇ ਹਸਰਤਾਂ ਤੂੰ ਜਾਨ ਬਣਕੇ ਆ ਜ਼ਰਾ
ਸੁੰਨੀਆਂ ਇਹ ਮਹਿਫਿਲਾਂ ਮਹਿਮਾਨ ਬਣਕੇ ਆ ਜ਼ਰਾ

ਤਿੜਕ ਰਹੀਆਂ ਸੱਧਰਾਂ ਤੇ ਰੁਲ ਰਹੀ ਹੈ ਆਬਰੂ
ਦਿਲ ਨੂੰ ਢਾਰਸ ਦੇਣ ਲਈ ਸਨਮਾਨ ਬਣਕੇ ਆ ਜ਼ਰਾ

ਦੌਰ ਹੈ ਖ਼ੁਦਗਰਜ਼ੀਆਂ ਦਾ ਗੁੰਮ ਰਿਸ਼ਤੇ ਜਾਣਗੇ
ਤਾਣੇ ਬੁਣੀਏ ਸਾਂਝ ਦੇ ਇਨਸਾਨ ਬਣਕੇ ਆ ਜ਼ਰਾ

ਆਰਜ਼ੂ ਜੋ ਮੇਰੀਆਂ ਅੱਖਾਂ ਦੇ ਅੰਦਰ ਤੈਰਦੀ
ਜਿਸ ਨੂੰ ਰੂਹ ਹੈ ਭਾਲਦੀ ਉਹ ਹਾਣ ਬਣਕੇ ਆ ਜ਼ਰਾ

ਧਰਤ ਦਾ ਵਾਰਿਸ ਹੈ ਏਥੇ ਹੋਰ ਕੋਈ ਹੋ ਗਿਆ
ਇਸ ਦਾ ਸੀਨਾ ਠਾਰੀਏ ਕਿਰਸਾਨ ਬਣਕੇ ਆ ਜ਼ਰਾ।

ਬੇਰੁਖੀ ਦਾ ਮੌਸਮ ਇਹ ਜਚਦਾ ਨਹੀਂ
ਜਿਸਮ ਵਿਚ ਕੋਈ ਨਸ਼ਾ ਰਚਦਾ ਨਹੀਂ

ਹੈ ਘਟਾ, ਬੱਦਲ ਤੇ ਰਿਮਝਿਮ ਵੀ ਹੈ
ਦਿਲ ਪੁਰਾਣਾ ਮੋਰ ਪਰ ਨੱਚਦਾ ਨਹੀਂ

ਲੱਖ ਭੁਲਾਵਾਂ ਪੀੜ ਉਹਦੇ ਜਾਣ ਦੀ
ਦਰਦ ਤੋਂ ਦਿਲ ਫੇਰ ਵੀ ਬਚਦਾ ਨਹੀਂ

ਜੇ ਨਾ ਉਪਜੇ ਰਿਸ਼ਤਿਆਂ ਵਿਚ ਤਾਜ਼ਗੀ
ਵਿਹੜਿਆਂ ਵਿਚ ਹਾਸਾ ਫਿਰ ਵੱਸਦਾ ਨਹੀਂ

ਜਦ ਕਦੇ ਟਕਸਾਲੀ ਚਿਹਰੇ ਹੋ ਗਏ
ਨਾਗ ਬਿਰਹਾ ਦਾ ਉਦੋਂ ਡੱਸਦਾ ਨਹੀਂ

ਬਹੁਤ ਤਨਹਾ, ਸੀਤ ਠੰਡਾ ਹੈ ਵਜੂਦ
ਹਿਜਰ ਦਾ ਭਾਂਬੜ ਕਦੇ ਮਚਦਾ ਨਹੀਂ।

ਮੋਤੀ ਲੱਭਕੇ ਯਾਦਾਂ ਦੇ ਇਕ ਲੜੀ ਪਰੋ ਜਾਈਏ
ਹਿਜਰ ਕਿਸੇ ਦਾ ਹੰਝੂਆਂ ਵਿਚ ਚਲੋ ਡੁਬੋ ਜਾਈਏ

ਪੰਛੀ ਦੀ ਪਰਵਾਜ਼ ਜਿਹੀ ਹੁਣ ਹਿੰਮਤ ਨਹੀਂ ਰਹੀ
ਮਜਬੂਰੀ ਹੈ ਇਸ ਦਿਲ ਦੀ ਰੁੱਖਾਂ ਵਾਂਗ ਖਲੋ ਜਾਈਏ

ਹੋਰਾਂ ਦੀ ਖਾਤਿਰਦਾਰੀ ਵਿਚ ਰੁੱਝਿਆ ਹੋਇਆ ਉਹ
ਚੁੱਪ ਚੁਪੀਤੇ ਮਹਿਫਿਲ 'ਚੋਂ ਚੱਲ ਹੁਣ ਰੁਖ਼ਸਤ ਹੋ ਜਾਈਏ

ਸਾਡੇ ਹਿੱਸੇ ਆਈ ਹਵਾ ਦਾ ਬੁੱਲਾ ਕਿੱਧਰ ਗਿਆ
ਕਾਹਤੋਂ ਐਵੇਂ ਖੁੱਲ੍ਹੇ ਰੱਖੀਏ ਦਰ ਤਾਂ ਢੋ ਜਾਈਏ

ਸਭ ਕਿੱਸੇ ਨਾ ਨਸ਼ਰ ਕਰੀ ਜਾ, ਭੋਲੇ ਪੰਛੀ ਦਿਲ
ਕੁਝ ਅਫਸਾਨੇ ਚੋਰੀ ਲਿਖਕੇ ਆ ਕਿਤੇ ਲੁਕੋ ਜਾਈਏ।

ਹਰ ਬੰਦੇ ਦੇ ਹਿੱਸੇ ਸੂਹੇ ਰੰਗ ਨਹੀਂ ਹੁੰਦੇ
ਔਖੇ ਸਮੇਂ ਹਮੇਸ਼ਾ ਮਿੱਤਰ ਸੰਗ ਨਹੀਂ ਹੁੰਦੇ

ਪਹਿਲਾ ਪਹਿਲਾ ਪਿਆਰ ਕਦੇ ਵੀ ਭੁੱਲਦਾ ਹੁੰਦਾ ਨਹੀਂ
ਲੱਖ ਵੱਸੋ ਪ੍ਰਦੇਸ ਇਹ ਰਿਸ਼ਤੇ ਭੰਗ ਨਹੀਂ ਹੁੰਦੇ

ਹਾਸਿਲ ਕਰੀਏ ਗਿਆਨ ਇਸ ਦੀ ਕੋਈ ਸੀਮਾ ਨਹੀਂ
ਚਾਨਣ ਵੰਡਣ ਵਾਲੇ ਕਦੇ ਵੀ ਨੰਗ ਨਹੀਂ ਹੁੰਦੇ

ਆਪਣਿਆਂ ਦਾ ਮੋਹ ਹੀ ਸਾਨੂੰ ਸਦਾ ਸਤਾਉਂਦਾ ਹੈ
ਪੰਛੀ ਤੇ ਪ੍ਰਦੇਸੀ ਤਾਹੀਓਂ ਤੰਗ ਨਹੀਂ ਹੁੰਦੇ

ਕਿਸੇ ਕਿਸੇ ਦੇ ਹਿੱਸੇ ਆਵੇ ਤਾਜ ਕੰਡਿਆਂ ਦਾ
ਐਰੇ ਗੈਰੇ ਬੰਦੇ ਸੂਲੀ ਟੰਗ ਨਹੀਂ ਹੁੰਦੇ

ਸਭ ਦੀ ਵੱਖਰੀ ਤੋਰ ਨਿਰਾਲਾ ਜੀਵਨ ਹੈ ਸਭ ਦਾ
ਇਕੋ ਵਰਗੇ ਸਭ ਲੋਕਾਂ ਦੇ ਢੰਗ ਨਹੀਂ ਹੁੰਦੇ

ਦੁਨੀਆਂ ਦੀ ਇਹ ਮੰਡੀ ਜਾਪੇ ਨਿਰਾ ਬਾਰੂਦ ਜਿਹਾ
ਉਸ ਧਰਤੀ ਤੇ ਚੱਲੀਏ ਜਿੱਥੇ ਜੰਗ ਨਹੀਂ ਹੁੰਦੇ।

ਖੁਸ਼ਕ ਹਵਾਵਾਂ ਚਾਰੇ ਪਾਸੇ ਹਰ ਮੌਸਮ ਬੀਮਾਰ ਜਿਹਾ
ਹਰ ਇਕ ਚੀਜ਼ ਵਿਕਾਊ ਹੈ ਤੇ ਹਰ ਵਿਹੜਾ ਬਜ਼ਾਰ ਜਿਹਾ

ਸ਼ੋਰ ਮਸ਼ੀਨਾਂ ਦਾ ਹਰ ਪਾਸੇ ਸੁਣ ਸੁਣ ਕੇ ਨਿੱਤ ਥੱਕ ਗਏ
ਹੁਣ ਨਾ ਕਿਧਰੇ ਕੁਝ ਵੀ ਸੁਣਦਾ ਝਾਂਜਰ ਦੀ ਛਣਕਾਰ ਜਿਹਾ

ਸੰਗੀਤ ਨਹੀਂ ਹੁੰਦੀ ਹਰ ਸਮੇਂ ਇਹ ਵਗਦੀ ਹਵਾ
ਕੋਈ ਬੁੱਲਾ ਤਨ ਤਪਾਏ ਲਗਦਾ ਜਿਵੇਂ ਕਟਾਰ ਜਿਹਾ

ਜਿਹੜੇ ਬੰਦੇ ਮੌਸਮ ਵਾਂਗੂੰ ਪਲ ਦੇ ਅੰਦਰ ਜਾਣ ਬਦਲ
ਉਹਨਾਂ ਕੋਲੋਂ ਵੱਖ ਵਸਾਈਏ ਚੱਲੋ ਇਕ ਸੰਸਾਰ ਜਿਹਾ

ਚਿਹਰੇ ਉੱਤੇ, ਅੱਖਾਂ ਅੰਦਰ, ਜਿਸਦੀ ਝਲਕ ਨਹੀਂ ਪੈਂਦੀ
ਦਰਦ ਓਪਰਾ ਉਹ ਤਾਂ ਜਾਪੇ, ਲਿਆ ਜਿਵੇਂ ਉਧਾਰ ਜਿਹਾ

ਲੋਕਤੰਤਰੀ ਨੇਤਾ ਵਰਗੇ ਸੱਜਣ ਹੋਰ ਬਥੇਰੇ ਨੇ
ਜਿਹੜੇ ਚੋਣਾਂ ਵੇਲੇ ਦਿੰਦੇ ਇਕ ਵਾਰੀ ਦੀਦਾਰ ਜਿਹਾ

ਸਿਰਜਣ ਦੇ ਪਲ ਖਾਸ ਨੇ ਹੁੰਦੇ ਹਰ ਪਲ ਰਚਨਾ ਹੁੰਦੀ ਨਾ
ਸ਼ਬਦਾਂ ਬਾਝੋਂ ਲਿਖਣਾ ਲਗਦਾ ਅਕਸਰ ਹੀ ਬੇਕਾਰ ਜਿਹਾ।

ਖੁਸ਼ੀਆਂ ਦੇ ਪਲ ਅਤੇ ਗ਼ਮਾਂ ਦੇ ਢੇਰ ਚਲੇ ਗਏ
ਕਈ ਚਾਨਣੀਆਂ ਰਾਤਾਂ ਕਈ ਹਨੇਰ ਚਲੇ ਗਏ

ਠੰਡੀਆਂ ਮਸਤ ਹਵਾਵਾਂ ਦੇ ਕੁਝ ਸੱਜਰੇ ਬੁੱਲੇ
ਇਸ ਤਰ੍ਹਾਂ ਗੁਜ਼ਰੇ ਕਿ ਛੂਹੇ ਬਗੈਰ ਚਲੇ ਗਏ

ਉਲਾਂਭੇ, ਮਿਹਣੇ, ਤਾਅਨੇ, ਸ਼ਿਕਵੇ ਤੇ ਸ਼ਿਕਾਇਤਾਂ
ਕਰਦੇ ਕਰਦੇ ਆਪਣੇ ਤੇ ਕੁਝ ਗੈਰ ਚਲੇ ਗਏ

ਤੇਰਾ ਮੇਰਾ ਤੇ ਉਸਦਾ ਗਣਿਤ ਗਲਤ ਹੋਇਆ
ਸਭ ਨੂੰ ਠੱਗ ਕੇ ਵਕਤ ਦੇ ਫੇਰ ਚਲੇ ਗਏ

ਨਿਸ਼ਚਿਤ ਹੁੰਦਾ ਹੈ ਸਮਾਂ ਰੁਖਸਤੇ ਜਹਾਨ ਤੋਂ
ਦੁਪਹਿਰ, ਸ਼ਾਮ, ਰਾਤ ਜਾਂ ਸਵੇਰ ਚਲੇ ਗਏ

ਸਮਿਆਂ ਦਾ ਸਮੁੰਦਰ ਸਚਮੁਚ ਵਿਸ਼ਾਲ ਬੜਾ
ਏਸ ਅੰਦਰ ਨਦੀਆਂ ਘੁੰਮਣਘੇਰ ਚਲੇ ਗਏ।

ਦਿਲ ਕਰਦਾ ਹੈ ਤੱਕਣ ਨੂੰ ਹੁਣ ਪਰਬਤ ਤੋਂ ਉਸ ਪਾਰ
ਸ਼ਾਇਦ ਕੋਈ ਦ੍ਰਿਸ਼ ਸੁਹਾਣਾ ਅੱਖੀਆਂ ਦੇਵੇ ਠਾਰ

ਹੁਣ ਤਾਂ ਰਿਸ਼ਤੇ ਨਾਤੇ ਸਾਰੇ ਬਣਕੇ ਰਹਿਗੇ ਬੋਝ
ਜਿੰਦ ਭਿਆਣੇ ਲੱਭਦੇ ਫਿਰੀਏ ਕੋਈ ਮਦਦਗਾਰ

ਉਹਦੇ ਸ਼ਹਿਰ ਦੀਆਂ ਗਲੀਆਂ ਛੱਡ ਇੰਜ ਤੜਪੇ ਹਾਂ
ਕੂੰਜ ਜਿਵੇਂ ਅਸਮਾਨੀ ਭਟਕੇ ਛੱਡ ਕੇ ਆਪਣੀ ਡਾਰ

ਬਹੁਤੀ ਚੰਗੀ ਰੀਤ ਨਹੀਂ ਹਰ ਪਲ ਵੈਣ ਅਤੀਤ ਦੇ
ਨਿੱਤ ਮੋਇਆਂ ਦੇ ਸੁਪਨੇ ਕਰਦੇ ਸਾਰੀ ਰਾਤ ਖੁਆਰ

ਅਣਚਾਹੇ ਮੌਸਮ ਵਿਚ ਜੇਕਰ ਜੀਣਾ ਪੈ ਜਾਵੇ
ਸੱਚੀਂ ਲਗਦਾ ਜਿਵੇਂ ਵਧਾਈਏ ਧਰਤੀ ਉਪਰ ਭਾਰ

ਚਲੋ ਦਿਸ਼ਾਵਾਂ ਦਾ ਚੱਕਰਵਿਊ ਇਹ ਤੋੜ ਕੇ ਤੁਰਦੇ ਹਾਂ
ਏਧਰ ਓਧਰ ਤੱਕਦਿਆਂ ਕਈ ਮੌਸਮ ਦਿੱਤੇ ਹਾਰ।

ਕੂੜ ਪਸਾਰਾ ਕਿਸਨੇ ਸੱਚੀ ਗੱਲ ਜਰੀ ਹੈ
ਬਦੀਆਂ ਦਾ ਹੈ ਮੌਸਮ ਨੇਕੀ ਅੱਜ ਮਰੀ ਹੈ

ਯਾਰੋ ਏਸ ਅਦਾਲਤ ਦਾ ਇਹ ਕੈਸਾ ਕਾਨੂੰਨ
ਇਥੇ ਹਰ ਸੱਧਰ ਦਾ ਕਾਤਿਲ ਸਾਫ ਬਰੀ ਹੈ

ਦੁਨੀਆਂ ਦੀ ਮੰਡੀ ਵਿਚ ਚੱਲੇ ਝੂਠ ਸਦਾ ਹੀ
ਕਰੀਏ ਵਿਸ਼ਵਾਸ ਕਿਵੇਂ ਦੁਨੀਆਂ ਬੜੀ ਖਰੀ ਹੈ

ਨਫਰਤ ਦੇ ਇਹ ਖੰਜਰ ਤਿੱਖੇ ਹੋਰ ਕਰ ਲਵੋ
ਥੋੜੇ ਪਰਖਣ ਲਈ ਹੀ ਗਰਦਨ ਅਸੀਂ ਧਰੀ ਹੈ

ਜ਼ਿਹਨ ਦੇ ਵਿਚ ਆਵੇ ਕਿੱਦਾਂ ਰੁੱਤ ਬਹਾਰਾਂ ਦੀ
ਹਰ ਵਿਹੜੇ ਵਿਚ ਮਾਰੂਥਲ ਦੀ ਰੇਤ ਭਰੀ ਹੈ

ਏਸ ਦੌਰ ਵਿਚ ਬੰਦਾ ਲੱਭੇਗਾ ਕਿਵੇਂ ਸਕੂਨ
ਹਰ ਇਕ ਦੇ ਸੁਪਨੇ ਵਿਚ ਨੱਚਦੀ ਸੋਨਪਰੀ ਹੈ।

ਖੁਸ਼ਕ ਮੌਸਮ ਹੋ ਗਏ ਤੇ ਵਕਤ ਮਾੜਾ ਆ ਗਿਆ
ਰਿਸ਼ਤਿਆਂ ਦੀ ਸਾਂਝ ਵਿਚ ਕਿੰਨਾ ਹੀ ਪਾੜਾ ਆ ਗਿਆ

ਪੰਛੀਆਂ ਦਾ ਚਹਿਕਣਾ ਫੁੱਲਾਂ ਦਾ ਖਿੜਨਾ ਜਾਇਜ਼ ਸੀ
ਮਹਿਕਦੇ ਇਸ ਬਾਗ ਵਿਚ ਕਿੱਥੋਂ ਕੁਹਾੜਾ ਆ ਗਿਆ

ਖਿੰਡਿਆ ਸੀ ਆਸੇ ਪਾਸੇ ਕਿੰਨਾ ਕੁਝ ਚੋਗੇ ਜਿਹਾ
ਚੁਗਣ ਤੋਂ ਪਹਿਲਾਂ ਹੀ ਝੱਖੜ ਦਾ ਪੁਆੜਾ ਆ ਗਿਆ

ਨਿੱਤ ਬਦਲਦੇ ਹਮਸਫਰ ਨੇ ਇਸ ਤਰ੍ਹਾਂ ਆਪਣੇ ਬਿਆਨ
ਹੁਣ ਸਿਆਸਤ ਦਾ ਉਹਨਾਂ ਨੂੰ ਊੜਾ ਆੜਾ ਆ ਗਿਆ

ਉਨਤੀਆਂ ਦੇ ਦੌਰ ਵਿਚ ਅੱਜ ਗੁੰਮ ਹੈ ਠੰਡਾ ਮਿਜ਼ਾਜ
ਜ਼ਿਹਨ ਅੰਦਰ ਤਪਸ਼ ਹੈ ਤੇ ਦਿਲ 'ਚ ਸਾੜਾ ਆ ਗਿਆ

ਕਿੰਨੀਆਂ ਹੀ ਧੁੱਪਾਂ ਛਾਵਾਂ ਸ਼ਹਿਰ ਤੇਰੇ ਮਾਣੀਆਂ
ਏਥੋਂ ਰੁਖਸਤ ਹੋ ਚੱਲੇ ਹਾਂ ਹੁਣ ਉਜਾੜਾ ਆ ਗਿਆ

ਅੱਖਾਂ 'ਚ ਇੰਤਜ਼ਾਰ ਦਿਲ ਵਿਚ ਅਹਿਸਾਸ ਰਿਹਾ
ਉਮਰਾਂ ਲੰਮੀ ਆਰਜ਼ੂ ਸੁਲਗਦਾ ਕਿਆਸ ਰਿਹਾ

ਆਸਾਂ ਦੀ ਟਹਿਣੀ ਐਤਕੀਂ ਫਿਰ ਬੂਰ ਨਹੀਂ ਲੱਗਿਆ
ਦਿਲ ਦੀ ਬਸਤੀ ਅੰਦਰ ਗ਼ਮ ਦਾ ਅਵਾਸ ਰਿਹਾ

ਅਰਾਮਦਾਇਕ ਥਾਂ ਹੈ ਪਰ ਠਹਿਰਨਾ ਨਹੀਂ ਇਥੇ
ਇਸ ਸ਼ਹਿਰ ਦਾ ਮੌਸਮ ਨਹੀਂ ਸਾਨੂੰ ਰਾਸ ਰਿਹਾ

ਅਸੀਂ ਸਿਫਤ ਨਹੀਂ ਕਰਦੇ ਇਸ ਗੁਲਿਸਤਾਨ ਦੀ
ਸੁਪਨੇ ਹੋਏ ਕਤਲ ਸੱਧਰਾਂ ਦਾ ਨਾਸ ਰਿਹਾ

ਇਕ ਸ਼ਖ਼ਸ ਕੀ ਤੁਰਿਆ ਦੁਨੀਆਂ ਹੋਈ ਵਿਰਾਨ
ਮਹਿਫਲਾਂ ਸੀ ਸਜਦੀਆਂ ਜਦ ਉਹ ਪਾਸ ਰਿਹਾ

ਕਦੇ ਬਣ ਜਾਂਦਾ ਸਬੱਬ ਉਹੀ ਬਰਬਾਦੀਆਂ ਦਾ
ਜ਼ਿੰਦਗੀ ਦੇ ਸਫਰ ਵਿਚ ਰਹਿਬਰ ਜੋ ਖਾਸ ਰਿਹਾ।

ਜਿਸ ਤਰ੍ਹਾਂ ਹਰਿਆਲੀ ਬਾਝੋਂ ਸੁੰਨੀ ਡੰਡੀ ਹੋ ਗਈ
ਬੁਝਣ ਕੰਢੇ ਹਿਜਰ ਦੀ ਅੱਗ ਹੋਰ ਠੰਡੀ ਹੋ ਗਈ

ਕਬਰ ਨੇੜੇ ਉੱਗੇ ਘਾਹ ਦੀ ਕੌਣ ਖਾਂਦਾ ਹੈ ਕਸਮ
ਸਭ ਵਿਕਾਊ ਹੈ ਇਹ ਦੁਨੀਆਂ ਐਸੀ ਮੰਡੀ ਹੋ ਗਈ

ਉਸਨੂੰ ਜਿਸ ਦਿਨ ਮਿਲ ਗਿਆ ਸੀ ਆਖਰੀ ਧੋਖਾ ਜਨਾਬ
ਓਸ ਦਿਨ ਤੋਂ ਓਸਦੀ ਐਵੇਂ ਹੀ ਭੰਡੀ ਹੋ ਗਈ

ਹੁਣ ਨਾ ਵੇਖੇ ਚਹਿਕਦੇ ਪੰਛੀ ਕਦੇ ਇਸ ਬਿਰਖ ’ਤੇ
ਪੱਤ ਵਿਹੂਣੀ ਏਸਦੀ ਹਰ ਟਹਿਣੀ ਰੰਡੀ ਹੋ ਗਈ

ਜਿਸ ਜਗ੍ਹਾ ਵਿਚ ਚਾਹੀਦੇ ਸਨ ਮਹਿਕਣੇ ਸੂਹੇ ਗੁਲਾਬ
ਉਸ ਜਗ੍ਹਾ ਕਿਉਂ ਬੇਵਜ੍ਹਾ ਪੈਦਾ ਸਰਕੰਡੀ ਹੋ ਗਈ।

ਕਦੇ ਤਨਹਾਈ ਕਦੇ ਮਹਿਫਿਲ ਵੀ ਹੁੰਦੀ ਹੈ
ਜ਼ਿੰਦਗੀ ਆਸਾਨ ਕਦੇ ਮੁਸ਼ਕਿਲ ਵੀ ਹੁੰਦੀ ਹੈ

ਜਦ ਵੀ ਝੂਮਣ ਹਰੀਆਂ ਫਸਲਾਂ ਖੇਤਾਂ ਵਿਚ
ਇਸ ਹਰਿਆਲੀ 'ਚ ਹਵਾ ਸ਼ਾਮਿਲ ਵੀ ਹੁੰਦੀ ਹੈ

ਪਥਰੀਲੇ ਹਿਰਦੇ ਨੂੰ ਜੋ ਮੋਮ ਬਣਾ ਦੇਵੇ
ਇਸ ਕਦਰ ਕੋਈ ਨਜ਼ਰ ਕਾਬਿਲ ਵੀ ਹੁੰਦੀ ਹੈ

ਸਲਤਨਤਾਂ ਨੂੰ ਜਿੱਤਿਆਂ ਨਾ ਮਿਲੇ ਖੁਸ਼ੀ ਓਨੀ
ਜੋ ਕਿਸੇ ਦਾ ਦਿਲ ਜਿੱਤ ਕੇ ਹਾਸਿਲ ਵੀ ਹੁੰਦੀ ਹੈ

ਯਾਦ ਕਿਸੇ ਦੀ ਅੰਦਰ ਜਦ ਠਹਿਰ ਸਮਾਂ ਜਾਵੇ
ਮਨ ਅੰਦਰ ਓਦੋਂ ਫਿਰ ਹਲਚਲ ਵੀ ਹੁੰਦੀ ਹੈ

ਲਿਖਣੇ ਪੈਂਦੇ ਅੱਖਰ ਦਿਲ ਦੀ ਤਖਤੀ ਤੇ
ਕੋਈ ਤਮੰਨਾ ਇਸ਼ਕ 'ਚ ਪਾਗਲ ਵੀ ਹੁੰਦੀ ਹੈ।

ਉਦੋਂ ਦਿਲ ਨੂੰ ਤਸੱਲੀ ਸੀ ਜਦੋਂ ਇਹ ਖੇਤ ਹਰਿਆ ਸੀ
ਕਿਤੇ ਉਜੜ ਨਾਂ ਜਾਵੇ ਸੋਚ ਕੇ ਦਿਲ ਬਹੁਤ ਡਰਿਆ ਸੀ

ਪਰਿੰਦਾ ਵੇਖ ਕੇ ਝੱਖੜ ਵਿਚਾਰਾ ਸਹਿਮਿਆਂ ਸੀ
ਹੁਣੇ ਉਸ ਆਲ੍ਹਣੇ ਤੇ ਆਖਰੀ ਤਿਨਕਾ ਹੀ ਧਰਿਆ ਸੀ

ਰਹੀ ਸੁਪਨਾ ਅਧੂਰਾ ਹੀ ਹਕੀਕੀ ਇਸ਼ਕ ਦੀ ਚਾਹਤ
ਇਹ ਸਾਜ਼ਿਸ਼ ਮੌਸਮਾਂ ਕੀਤੀ ਕਿਸੇ ਤੋਂ ਕੁਝ ਨਾ ਸਰਿਆ ਸੀ

ਰਤਾ ਵੀ ਗੌਲਦੀ ਨਾ ਇਹ ਹਵਾ ਸਰਹੱਦਾਂ, ਹੱਦਾਂ ਨੂੰ
ਕਦੇ ਇਸ ਪਾਰ ਇਹ ਬੱਦਲ ਕਦੇ ਉਸ ਪਾਰ ਵਰ੍ਹਿਆ ਸੀ

ਅਨੇਕਾਂ ਰਾਜ ਅਣਦੱਸੇ ਦਿਲਾਂ ਅੰਦਰ ਹੀ ਰਹਿ ਜਾਣੇ
ਅਸੀਂ ਜਦ ਬਾਤ ਛੇੜੀ ਨਾ ਕਿਸੇ ਹੁੰਗਾਰਾ ਭਰਿਆ ਸੀ

ਸਮੇਂ ਦੇ ਗੇੜ ਨੇ ਉਸ ਨੂੰ ਦਿਖਾਏ ਚਿੱਟੇ ਦਿਨ ਤਾਰੇ
ਗਿਆਂ ਉਹ ਡੁੱਬ ਸਾਹਿਲ ’ਤੇ ਜੋ ਸਾਗਰ ਵਿਚ ਤਰਿਆ ਸੀ।

ਬਹੁਤੀ ਵਾਰੀ ਸੋਚ ਉਡਾਰੀ ਸਿਰਫ ਕਿਤਾਬੀ ਹੋ ਜਾਂਦੀ
ਕਦੇ ਕਦੇ ਉੱਡਣ ਦੀ ਸੱਚਮੁੱਚ ਹੀ ਬੇਤਾਬੀ ਹੋ ਜਾਂਦੀ

ਧਰਤੀ ਦੀ ਹਿੱਕ ਠਾਰੇ ਉਹ ਠੰਡੀ ਫੁਹਾਰ ਨਹੀਂ ਪੈਂਦੀ
ਹੁਣ ਕਿਧਰੇ ਜੇ ਬਾਰਿਸ਼ ਹੋਵੇ ਸਿਰਫ ਤੇਜ਼ਾਬੀ ਹੋ ਜਾਂਦੀ

ਜਿਹੜੇ ਦੇਸ਼ ਦੇ ਲੋਕਾਂ ਦੇ ਚਿਹਰੇ ਖੁਸ਼ ਨਹੀਂ ਦਿਸਦੇ ਤਾਂ ਯਾਰੋ
ਉਸ ਨਿਜ਼ਾਮ ਦੀ ਸਿਆਸਤ ਅੰਦਰ ਕੋਈ ਖਰਾਬੀ ਹੋ ਜਾਂਦੀ

ਕੋਈ ਲੱਖ ਕਰੇ ਦਾਅਵੇ ਕਿ ਉਸਨੇ ਪਿਆਰ ਨਹੀਂ ਕੀਤਾ
ਹਰ ਦਿਲ ਅੰਦਰ ਕਦੇ ਨਾ ਕਦੇ ਪਰਤ ਗੁਲਾਬੀ ਹੋ ਜਾਂਦੀ

ਦੁਨੀਆਂ ਨੂੰ ਬਦਲਣ ਦਾ ਜੇਰਾ ਥੋੜੇ ਬੰਦੇ ਰੱਖਦੇ ਨੇ
ਮੁੱਠੀ ਭਰ ਲੋਕਾਂ ਦੀ ਜਦ ਸੋਚ ਇਨਕਲਾਬੀ ਹੋ ਜਾਂਦੀ।

ਅੰਬਰ ਵਿਚ ਜਦ ਤਾਰਾ ਟੁੱਟੇ, ਛੱਡ ਜਾਵੇ ਲਕੀਰ ਜਿਹੀ
ਦਿਲ ਦੀ ਹਾਲਤ ਓਦੋਂ ਜਾਪੇ ਨਦੀਓਂ ਵਿਛੜੇ ਨੀਰ ਜਿਹੀ

ਬੰਦ ਮੁੱਠੀ ਵਿਚ ਕੈਦ ਕਰ ਲਿਆ ਜੁਗਨੂੰ ਅਸੀਂ ਤਿਕਾਲਾਂ ਨੂੰ
ਰਾਤਾਂ ਨੂੰ ਚਾਨਣ ਦੇਖਾਂਗੇ, ਬੰਨ੍ਹ ਕੇ ਬੈਠੇ ਧੀਰ ਜਿਹੀ

ਪਰਬਤ ਦੀ ਚੋਟੀ ਤੋਂ ਪਰਲੇ ਪਾਰ ਦੇਖਣਾ ਚਾਹੁੰਦੇ ਸਾਂ
ਹੋ ਸਕੇ ਨਾ ਸਮੇਂ ਦੇ ਹਾਣੀ ਮਾਰ ਗਈ ਤਕਦੀਰ ਜਿਹੀ

ਜਦ ਵੀ ਦੇਖਾਂ ਖੋਹ ਲੈਂਦੀ ਹੈ ਸਾਰੇ ਪਲ ਸਕੂਨ ਦੇ ਇਹ
ਰੋਜ਼ ਸੋਚਦਾਂ ਪੁੱਠੀ ਕਰ ਦਿਆਂ ਇਹ ਤੇਰੀ ਤਸਵੀਰ ਜਿਹੀ

ਪਛਤਾ ਰਹੇ ਹਾਂ ਅੱਜ ਬੈਠਕੇ ਸ਼ੀਸ਼ੇ ਦੇ ਮਹਿਲਾਂ ਅੰਦਰ
ਸਾਡੇ ਕੋਲ ਇਕ ਕੁੱਲੀ ਹੁੰਦੀ ਬੇਫਿਕਰੇ ਫਕੀਰ ਜਿਹੀ

ਜੀਵਨ ਦੀ ਸਤਰੰਜੀ ਖੇਡ ਅਸੀਂ ਰਹੇ ਫਾਡੀ ਹਰ ਪਲ
ਹਰ ਵਾਰੀ ਹੀ ਧੋਖਾ ਮਿਲਿਆ ਕਿਸਮਤ ਪਾਟੀ ਲੀਰ ਜਿਹੀ।

ਸੋਨੇ ਰੰਗੇ ਸੀ ਸਮੇਂ ਹੱਸਦੀ ਹੋਈ ਕਾਇਨਾਤ ਸੀ
ਜ਼ਿੰਦਗੀ ਉਹਨੀਂ ਦਿਨੀਂ ਫੁੱਲਾਂ ਜਿਹੀ ਸੌਗਾਤ ਸੀ

ਏਸ ਵਾਰੀ ਦੇ ਸਫਰ ਵਿਚ ਫਿਰ ਬੜੇ ਔਖੇ ਰਹੇ
ਸਾਥੀ ਕੋਈ ਵੀ ਨਾ ਮਿਲਿਆ ਮੌਸਮ-ਏ-ਬਰਸਾਤ ਸੀ

ਵਿਗੜਨਾ ਅਤੇ ਸੰਵਰਨਾ ਇਕ ਖੇਡ ਕਿਸਮਤ ਦੀ ਰਹੀ
ਜਿਸ ਦੇ ਸਿਰ ਇਲਜ਼ਾਮ ਆਇਆ, ਆਦਮੀ ਦੀ ਜਾਤ ਸੀ

ਰੰਗ ਘਸਮੈਲੇ ਤੇ ਯਾਰੋ ਫੇਰ ਲਾਲੀ ਛਾ ਗਈ
ਘੁੱਪ ਹਨੇਰਾ ਚੀਰ ਕੇ ਜਦ ਚੜ੍ਹ ਰਹੀ ਪ੍ਰਭਾਤ ਸੀ

ਤੂੰ ਕਰੀਂ ਕੋਸ਼ਿਸ਼ ਰਿਸ਼ਤੇ ਪਾਵਨ ਰਹਿਣ ਇਹ
ਪੁਰਖਿਆਂ ਨੇ ਜਿਹੜੀ ਕੀਤੀ ਮੁੱਢ ਤੋਂ ਸ਼ੁਰੂਆਤ ਸੀ

ਹੁਣ ਕਲਾਵੇ ਵਿਚ ਸੁਨਹਿਰੀ ਕਿਰਨਾਂ ਭਰ ਲਉ ਦੋਸਤੋ
ਚੜ੍ਹ ਗਿਆ ਦਿਨ ਸੋਨੇ ਵਰਗਾ ਬੀਤ ਗਈ ਜੋ ਰਾਤ ਸੀ।

ਕਰ ਰਹੇ ਸੀ ਜਿਸ ਦੀ ਚਰਚਾ ਉਹ ਜ਼ਮਾਨਾ ਆ ਗਿਆ
ਰਿਸ਼ਤਿਆਂ ਦਾ ਸਾਫ ਦਰਪਨ ਲਗਦਾ ਜਿਉਂ ਧੁੰਦਲਾ ਗਿਆ

ਸਾਹ ਲਵੇਗਾ ਧਰਤੀ ਉਪਰ ਆਦਮੀ ਹੁਣ ਕਿਸ ਤਰ੍ਹਾਂ
ਜ਼ਹਿਰੀ ਧੂੰਆਂ ਹੈ ਹਵਾ ਦੀ ਪਰਤ ਅੰਦਰ ਛਾ ਗਿਆ

ਮਿਲ ਰਿਹਾ ਸੁਖ, ਚੈਨ ਹੈ ਬਜ਼ਾਰ ਵਿਚ ਇਕ ਵਸਤ ਵਾਂਗ
ਦੁਨੀਆਂ ਨੂੰ ਇਹ ਕਿਸ ਤਰ੍ਹਾਂ ਦੇ ਭਰਮ ਕੋਈ ਪਾ ਗਿਆ

ਜਦ ਕਦੇ ਵੀ ਝੁੱਲੇ ਝੱਖੜ ਕਰੀਏ ਰੁੱਖਾਂ ਲਈ ਦੁਆ
ਖਤਰਾ ਹਨੇਰੀਆਂ ਦਾ ਹੈ ਸਾਡਾ ਦਿਲ ਡਰਾ ਗਿਆ

ਦੇਖੋ ਕਿੰਨਾ ਲਾਲਚੀ ਹੋਇਆ ਹੈ ਹਾਕਮ ਸ਼ਹਿਰ ਦਾ
ਸੀ ਤਾਂ ਲੋਕਾਂ ਦਾ ਹੀ ਸਭ ਕੁਝ ਆਪਣੇ ਨਾਂ ਕਰਵਾ ਗਿਆ

ਉਹ ਜਦੋਂ ਤੋਂ ਹੋਇਆ ਰੁਖਸਤ ਗੀਤ ਸਾਡੇ ਮੁੱਕ ਗਏ
ਸ਼ਖ਼ਸ ਇਕ ਤਾਲਾ ਅਸਾਡੇ ਬੁੱਲ੍ਹਾਂ ਉੱਤੇ ਲਾ ਗਿਆ।

ਜਦੋਂ ਵੀ ਵਸਲ ਬਾਝੋਂ ਜਿਸਮ ਥੱਕਿਆ ਚੂਰ ਪਾਵਾਂਗੇ
ਉਦੋਂ ਘਰ ਇਸ਼ਕ ਦੀ ਗਲੀ ਤੋਂ ਜ਼ਿਆਦਾ ਦੂਰ ਪਾਵਾਂਗੇ

ਕਸਮ ਹੈ ਉਸਦੀਆਂ ਜ਼ੁਲਫ਼ਾਂ ਦੇ ਹਰ ਪੇਚ ਦੀ ਸਾਨੂੰ
ਜਨਮ ਅਗਲਾ ਜੇ ਮਿਲਿਆ ਤਾਂ ਉਹਨੂੰ ਖਤ ਜ਼ਰੂਰ ਪਾਵਾਂਗੇ

ਬੜਾ ਵਿਸ਼ਵਾਸ ਹੈ ਸਾਨੂੰ ਕਿ ਚੰਗੇ ਕਰਮ ਕੀਤੇ ਨੇ
ਕਚਹਿਰੀ ਹਰ ਕਿਸੇ ਵਿਚ ਖੁਦ ਨੂੰ ਬੇਕਸੂਰ ਪਾਵਾਂਗੇ

ਇਹ ਦੁਨੀਆਂ ਇਕ ਮੰਡੀ ਹੈ ਰਤਾ ਵੀ ਸ਼ੱਕ ਨਹੀਂ ਕੋਈ
ਇਦ੍ਹੇ ਬਜ਼ਾਰ ਵਿਚ ਇਕੋ ਜਿਹਾ ਦਸਤੂਰ ਪਾਵਾਂਗੇ

ਸਫਰ ਬਿਖੜੇ ਤੇ ਚਲਦੇ ਹੀ ਮਿਲੇ ਸ਼ਾਇਦ ਕੋਈ ਐਸਾ
ਕਿ ਜਿਸਦੇ ਚਿਹਰੇ ਉਤੇ ਝਲਕਦਾ ਉਹ ਨੂਰ ਪਾਵਾਂਗੇ

ਜੇ ਯਾਦਾਂ ਇਸ ਤਰ੍ਹਾਂ ਹੀ ਜ਼ਿਹਨ ਵਿਚ ਉੱਕਰੀਆਂ ਰਹੀਆਂ
ਤਾਂ ਆਪਣੇ ਆਪ ਨੂੰ ਗ਼ਮ ਵਿਚ ਸਦਾ ਭਰਪੂਰ ਪਾਵਾਂਗੇ।

ਜਦੋਂ ਹਸਰਤਾਂ ਦੀ ਡੋਲੀ ਕਿਸੇ ਇਕ ਵਾਰ ਲੁੱਟੀ ਹੈ
ਤਾਂ ਸਤਰੰਗੀ ਸੁਪਨਿਆਂ ਦੀ ਡੋਰ ਅੱਧ ਵਿਚਕਾਰ ਟੁੱਟੀ ਹੈ

ਦੁਬਾਰਾ ਪਰਤ ਆਵੇ ਖਬਰੇ ਰੋਣਕ ਇਸ ਚਮਨ ਅੰਦਰ
ਕਿ ਉਜੜੇ ਬਿਰਖ ਦੀ ਟਹਿਣੀ ਕਰੂੰਬਲ ਯਾਰ ਫੁੱਟੀ ਹੈ

ਘਰਾਂ ਦੇ ਕੋਨਿਆਂ ਵਿਚ ਇਸ ਤਰ੍ਹਾਂ ਰਹਿੰਦੇ ਅਸੀਂ ਯਾਰੋ!
ਪੁਰਾਣੀ ਵਸਤ ਜਿਵੇਂ ਕਬਾੜ ਵਿਚ ਬੇਕਾਰ ਸੁੱਟੀ ਹੈ

ਕਿਵੇਂ ਖ਼ੁਦਗਰਜ਼ ਨੇਤਾ ਸੋਚੇਗਾ ਲੋਕਾਂ ਲਈ ਸੋਚੋ
ਉਦ੍ਹੇ ਤਾਂ ਜ਼ਿਹਨ ਵਿਚ ਨੋਟਾਂ ਦੀ ਹੀ ਦਮਦਾਰ ਗੁੱਟੀ ਹੈ

ਕਦੇ ਵੀ ਹਾਲ ਨਾ ਪੁੱਛਿਆ ਕਿਸੇ ਮਜ਼ਦੂਰ ਕਾਮੇ ਦਾ
ਮਗਰ ਆਈ ਕ੍ਰਾਂਤੀ ਜਦ ਵੀ ਉਸ ਸਰਕਾਰ ਕੁੱਟੀ ਹੈ

ਬਦਲ ਜਾਂਦੀ ਉਦੋਂ ਤਕਦੀਰ ਦੱਬੇ ਕੁਚਲੇ ਲੋਕਾਂ ਦੀ
ਇਕੱਠੇ ਹੋ ਪੁਲਾਂਘ ਉਹਨਾਂ ਜਦੋਂ ਇਕਸਾਰ ਪੁੱਟੀ ਹੈ।

ਕਿੰਨਾ ਅਹਿਸਾਨ ਸੱਜਣ ਸਾਡੇ ਵੱਲ ਕਰ ਗਏ
ਅੱਖਾਂ ਵਿਚ ਸਾਗਰਾਂ ਜਿਹੀ ਜਲ ਥਲ ਕਰ ਗਏ

ਹਿਜਰ ਦਾ ਸੇਕ ਸਾਡੀ ਤਮੰਨਾ ਸੀ ਚਿਰਾਂ ਤੋਂ
ਮੁਸ਼ਕਿਲ ਇਹ ਵੀ ਅਸਾਡੀ ਉਹ ਹੱਲ ਕਰ ਗਏ

ਬਣੇ ਫਿਰਦੇ ਸੀ ਬੜੇ ਚਤੁਰ ਅਸੀਂ ਜ਼ਮਾਨੇ ਤੋਂ
ਉਹ ਥੋੜ੍ਹੀ ਦੇਰ ਹੀ ਆਏ ਲੇਕਿਨ ਛਲ ਕਰ ਗਏ

ਬੜੀ ਹੀ ਦੇਰ ਭੁਗਤੀ ਹੈ ਸਜ਼ਾ ਉਸ ਗਲਤੀ ਦੀ
ਅਣਜਾਣੇ ਵਿਚ ਪਿਆਰ ਦਾ ਜਿਹੜਾ ਝੱਲ ਕਰ ਗਏ

ਉਧਾਰੀ ਖੁਸ਼ੀ ਹੀ ਮੰਗੀ ਸੀ ਥੋੜੀ ਉਸ ਦੇ ਕੋਲੋਂ
ਸਾਡੇ ਨਾਮ ਦੁੱਖਾਂ ਦੇ ਉਹ ਕਿੰਨੇ ਪਲ ਕਰ ਗਏ

ਹੁੰਦਿਆਂ ਹੋਇਆਂ ਪਤਾ ਉਹ ਚੀਕਣਗੇ ਫਿਰ ਵੀ
ਸਭ ਜਾਣਦਿਆਂ ਅਸੀਂ ਸੱਚ ਗੱਲ ਕਰ ਗਏ।

ਆਖਿਰ ਰੁਕ ਹੀ ਜਾਣਾ ਸੀ ਏਸ ਧੜਕਣ ਨੇ
ਉਹ ਦਿਲ ਅੰਦਰ ਅਖੀਰ ਜਾਂਦੇ ਸੱਲ ਕਰ ਗਏ।

ਸਜ਼ਾ ਭੁਗਤੀ ਹੈ ਸਦਾ ਇਕ ਐਸੀ ਕੁਤਾਹੀ ਦੀ
ਲਜ਼ਤ ਨਾ ਸਕੇ ਉਠਾ ਕਦੇ ਰੁਤ ਕਪਾਹੀ ਦੀ

ਬਸਰ ਜ਼ਿੰਦਗੀ ਦਾ ਨਹੀਂ ਸਦਾ ਜਿੰਦਾ ਰਹਿਣਾ
ਲੋੜ ਇਹਦੇ ਲਈ ਪੈਂਦੀ ਚਿਣਗ ਇਲਾਹੀ ਦੀ

ਹੁੰਦੇ ਪਏ ਚੋਰੀ, ਡਾਕੇ ਤੇ ਕਤਲ ਦਿਨ ਦੀਵੀਂ
ਨਜ਼ਰ ਹੋ ਗਈ ਹੋਰ ਪਾਸੇ ਹੁਣ ਸਿਪਾਹੀ ਦੀ

ਉਦੋਂ ਤੱਕ ਛਾਵਾਂ ਨੇ ਵੀ ਬਦਲ ਰੱਖੀ ਸੀ ਦਿਸ਼ਾ
ਅੱਖ ਖੁੱਲ੍ਹੀ ਸੀ ਜਦ ਸਫ਼ਰ ਵਿਚ ਥੱਕੇ ਰਾਹੀ ਦੀ

ਪੱਤਝੜ ਮਗਰੋਂ ਬਿਰਖ ਲਾਜ਼ਮੀ ਫੇਰ ਫੁੱਟੇਗਾ
ਸ਼ਰਤ ਹੈ ਕਿ ਆਉਣ ਵਾਲੀ ਰੁੱਤ ਬਸੰਤੀ ਚਾਹੀਦੀ

ਬੰਦ ਕਰ ਦਿਉ ਲਿਖਣੇ ਖ਼ਤ ਮੁਹੱਬਤ ਦੇ
ਕਮੀ ਜ਼ਿਆਦਾ ਹੋ ਗਈ ਅੱਜ ਵਫ਼ਾ ਸਿਆਹੀ ਦੀ

ਧੋਖਾ ਦਿੱਤਾ ਚਿਹਰਿਆਂ ਹਰ ਵਾਰ ਇਸ ਤਰ੍ਹਾਂ
ਹਰਿਕ ਰਿਸ਼ਤਾ ਜਾਪਦਾ ਮੂਰਤ ਤਬਾਹੀ ਦੀ।

ਖ਼ਾਮੋਸ਼ੀ ਨੂੰ ਸੁਰਖ਼ ਰੰਗ ਦਾ ਜਦ ਵੀ ਗੀਤ ਮਿਲੇ
ਲਰਜ਼ਦੀ ਧਰਤੀ ਅਤੇ ਲਗਦਾ ਜਿਵੇਂ ਅਕਾਸ਼ ਹਿਲੇ

ਪਲਕ ਝਪਕ ਦਾ ਸੌਦਾ ਕੁਦਰਤੀ ਨੇਮ ਨਹੀਂ
ਬੀਜ ਬੀਜੋ, ਸਿੰਜੋ, ਗੋਡੋ ਫਿਰ ਹੀ ਕੋਈ ਫੁੱਲ ਖਿਲੇ

ਵਲਵਲੇ ਨਦੀ ਦੇ ਸਾਗਰ ਦੀਆਂ ਛੱਲਾਂ ਦਾ ਮਜ਼ਾ
ਕਿਨਾਰੇ ਖੜ੍ਹੇ ਨੂੰ ਕੀ ? ਮਾਣੇਗਾ ਜੋ ਅੰਦਰ ਠਿਲੇ

ਖੱਟੇਗਾ ਕੋਈ ਉਪਮਾ ਕਿਵੇਂ ਜੱਗ ਤੇ ਹੰਕਾਰ ਨਾਲ
ਬੋਲਿਆਂ ਬੋਲ ਪਿਆਰ ਦੇ ਹਰ ਜ਼ਖ਼ਮ ਸਿਲੇ

ਗੈਰਹਾਜ਼ਰ ਹੋ ਗਈ ਕਵਿਤਾ ਅੱਜ ਸਮਾਜ 'ਚੋਂ
ਕਦਮ ਕਦਮ ਤੇ ਨਿੱਤ ਨਵਾਂ ਕਾਤਿਲ ਮਿਲੇ।

ਪੱਤਝੜਾਂ ਵਿਚ ਤਿਨਕੇ ਲੱਭਣੇ ਮੁਸ਼ਕਿਲ ਨਹੀਂ ਹੁੰਦੇ
ਧੁੱਪ ਦੇ ਰਾਹੀ ਯਾਰੋ ਹਰਗਿਜ਼ ਕਮਦਿਲ ਨਹੀਂ ਹੁੰਦੇ

ਬਹੁਤੀ ਵਾਰੀ ਹੋਰ ਸਿਤਮ ਹੀ ਜਾਂਦੇ ਨੇ ਸਾਨੂੰ ਮਾਰ
ਚਾਕੂ, ਛੁਰੀ, ਬੰਦੂਕ ਹੀ ਕੇਵਲ ਕਾਤਿਲ ਨਹੀਂ ਹੁੰਦੇ

ਫਿਰ ਹੀ ਆਖਿਰ ਬਣਨਾ ਪੈਂਦਾ ਗੌਤਮ ਰਿਸ਼ੀ ਮੁਨੀ
ਜਦੋਂ ਸਕੂਨ ਬਜ਼ਾਰਾਂ ਦੇ ਵਿਚ ਹਾਸਿਲ ਨਹੀਂ ਹੁੰਦੇ

ਚੰਗੇ ਲੱਗਣ ਸਾਨੂੰ ਇਹ ਬਿਰਖ ਪਰਿੰਦੇ ਫੇਰ ਵੀ
ਭਾਵੇਂ ਸਾਡੇ ਦੁੱਖਾਂ ਵਿਚ ਇਹ ਸ਼ਾਮਿਲ ਨਹੀਂ ਹੁੰਦੇ

ਸਿਰਫ ਬਹਾਰਾਂ ਮਾਣਨ ਦੀ ਹੀ ਫਿਤਰਤ ਜਿਹਨਾਂ ਦੀ
ਚੋਟਾਂ ਸਹਿਣ ਦੇ ਉਹ ਕਦੇ ਵੀ ਕਾਬਿਲ ਨਹੀਂ ਹੁੰਦੇ

ਸਿਰਫ ਪੈਂਡਿਆਂ ਖਾਤਿਰ ਤੁਰਨਾ ਪੈਂਦਾ ਇਹਨਾਂ 'ਤੇ
ਰਸਤੇ ਤਾਂ ਰਸਤੇ ਹੁੰਦੇ ਨੇ ਮੰਜ਼ਿਲ ਨਹੀਂ ਹੁੰਦੇ।

ਬਣਾਏ ਆਪ ਰਿਸ਼ਤੇ ਆਪ ਹੀ ਬਦਨਾਮ ਕਰ ਦਿੱਤੇ
ਇਹ ਕੈਸੇ ਆਦਮੀ ਨੇ ਖੁਦ ਖੜੇ ਨਿਜ਼ਾਮ ਕਰ ਦਿੱਤੇ

ਅਸੀਂ ਤਾਂ ਆਪ ਗਹਿਣੇ ਪੈ ਕੇ ਤੋਹਫੇ ਭੇਟ ਸਨ ਕੀਤੇ
ਉਹਨਾਂ ਕੌਡੀਆਂ ਬਦਲੇ ਹੀ ਉਹ ਨੀਲਾਮ ਕਰ ਦਿੱਤੇ

ਸਕੇ ਨਾ ਭਾਲ ਐਪਰ ਸ਼ਬਦ ਇਕ ਵੀ ਮੁਹੱਬਤ ਦਾ
ਅਸੀਂ ਲਿਖ ਸੈਂਕੜੇ ਪੰਨੇ ਉਹਨਾਂ ਦੇ ਨਾਮ ਕਰ ਦਿੱਤੇ

ਕਿਹਾ ਸੀ ਖਤ ਛੁਪਾ ਲੈਣੇ ਇਹਨਾਂ ਨੂੰ ਆਪ ਹੀ ਪੜ੍ਹਨਾ
ਵਾਂਗੂੰ ਪੋਸਟਰਾਂ ਉਹਨਾਂ ਨੇ ਸ਼ਰੇਆਮ ਕਰ ਦਿੱਤੇ

ਅਸੀਂ ਮਹਿਫਿਲ ਦੇ ਵਿਚ ਬੈਠੇ ਰਹੇ ਬੇਗਾਨਿਆਂ ਦੇ ਵਾਂਗ
ਜਦੋਂ ਬੇਗਾਨਿਆਂ ਨੇ ਉਹਨਾਂ ਮੂਹਰੇ ਜਾਮ ਕਰ ਦਿੱਤੇ

ਮੇਰੇ ਦਿਲ ਦੀ ਸਲੈਬ ਉਤੇ ਅਜੇ ਵੀ ਭਾਰ ਰਹਿੰਦਾ ਹੈ
ਅਰਾਮ ਲੱਭਦਿਆਂ ਸਾਰੇ ਪਲ ਬੇਅਰਾਮ ਕਰ ਦਿੱਤੇ

ਮੁਹੱਬਤ ਉਹ ਨਹੀਂ ਹੁੰਦੀ ਜਿਹੜੀ ਪ੍ਰਵਾਨ ਚੜ੍ਹ ਜਾਵੇ
ਜੋ ਹਾਰੇ ਇਸ਼ਕ ਦੀ ਬਾਜ਼ੀ, ਉਹ ਕਿੱਸੇ ਆਮ ਕਰ ਦਿੱਤੇ।

ਜੇ ਅੰਦਰ ਝਾਤ ਮਾਰੋਗੇ ਤਾਂ ਮੰਜਰ ਸਰਦ ਤੱਕੋਗੇ
ਤੁਸੀਂ ਨਜ਼ਰਾਂ ਮਿਲਾਉਗੇ ਤਾਂ ਕੇਵਰ ਦਰਦ ਤੱਕੋਗੇ

ਸਲਾਮ ਦੂਰ ਤੋਂ ਰਹੇ ਇਸ ਵਿਚ ਬੇਹਤਰੀ ਚੰਗੀ
ਨੇੜੇ ਆਏ ਤਾਂ ਦਿਲ ਦੀ ਪਰਤ ਬੇਦਰਦ ਤੱਕੋਗੇ

ਅਸੀਂ ਵੱਖਰੇ ਨਾ ਲੋਕਾਂ ਤੋਂ ਤੁਸੀਂ ਹੈਰਾਨ ਨਾ ਹੋਵੋ
ਲਗਾ ਕੇ ਗੌਰ ਤੱਕੋਗੇ ਤਾਂ ਇਥੇ ਗਰਦ ਤੱਕੋਗੇ

ਨਾ ਕਿਧਰੇ ਝਲਕਦਾ ਹੈ ਨੂਰ ਅੱਜ ਕੱਲ ਚਿਹਰਿਆਂ ਉਤੇ
ਅਜੋਕੇ ਦੌਰ ਵਿਚ ਮਾਯੂਸ ਚਿਹਰੇ ਜ਼ਰਦ ਤੱਕੋਗੇ

ਵਿਕੀ ਜਾਂਦੇ ਨੇ ਮੰਡੀ ਵਿਚ ਬਣੇ ਨੇ ਆਦਮੀ ਵਸਤੂ
ਖਰੀਦਣ ਵਾਲੇ ਨੇ ਬਹੁਤੇ, ਨਾ ਕੋਈ ਹਮਦਰਦ ਤੱਕੋਗੇ

ਕਿਸੇ ਨੇ ਕਰਨਾ ਕੀ ਏਥੇ ਤਲੀ ਤੇ ਫੁੱਲ ਨੂੰ ਧਰਕੇ
ਹਰਿਕ ਦੇ ਹੱਥ ਵਿਚ ਖੰਜਰ ਕੋਈ ਜਾਂ ਕਰਦ ਤੱਕੋਗੇ।

ਬੇਵਫਾਈ ਹੋਰ ਦੀ ਕਿਉਂ ਹੋਰ ਹਰਜ਼ਾਨੇ ਭਰੇ
ਸਿਤਮਗਰ ਕੋਈ ਰਿਹਾ ਅਰਜ਼ੋਈਆਂ ਕੋਈ ਕਰੇ

ਜਿਸਨੇ ਲਹਿਰਾਂ ਨਾਲ ਕੀਤੀ ਨਾ ਕਦੇ ਵੀ ਦੋਸਤੀ
ਗ਼ਮ ਦੇ ਡੂੰਘੇ ਨੇ ਸਮੁੰਦਰ ਸ਼ਖ਼ਸ ਉਹ ਕਿੱਦਾਂ ਤਰੇ

ਕੁਝ ਕੁ ਕਬਰੀਂ ਸੌਂ ਗਏ, ਕੁਝ ਤੂਰ ਗਏ ਪ੍ਰਦੇਸ ਨੂੰ
ਭਾਲ ਉਹਨਾਂ ਦੋਸਤਾਂ ਦੀ ਕੋਈ ਕਿੱਥੇ ਜਾ ਕਰੇ

ਹੁਣ ਬਚੇ ਪੱਥਰ ਨੇ ਉੱਥੇ ਜਾਂ ਨੇ ਖੰਡਰ ਯਾਦ ਦੇ
ਤਪਸ਼ ਉਜੜੇ ਸ਼ਹਿਰ ਦੀ ਬੰਦਾ ਕੋਈ ਕਿੱਦਾਂ ਜਰੇ

ਕਾਸਤੋਂ ਦਿੰਦੇ ਡਰਾਵੇ ਰੋਜ਼ ਇਸ ਨੂੰ ਮੌਤ ਦੇ
ਅੱਜ ਦਾ ਮਾਨਵ ਤਾਂ ਨਿਤ ਹੀ ਕਿੰਨੀਆਂ ਮੌਤਾਂ ਮਰੇ।

ਮਿਲਣ ਦੀ ਇਕ ਤਾਂਘ ਸੀ, ਸੁਪਨੇ ਸਜੋਏ ਸੀ ਬੜੇ
ਹਾਰ ਸੱਧਰਾਂ ਦੇ ਸੁਆਗਤ ਲਈ ਪਰੋਏ ਸੀ ਬੜੇ

ਦਰ ਉਹਦੇ 'ਤੇ ਜਾਣ ਤੋਂ ਡਰਦੇ ਰਹੇ ਹਰ ਪਲ ਅਸੀਂ
ਵਿੰਗੇ ਟੇਢੇ ਰਸਤਿਆਂ ਤੇ ਟਿੱਬੇ ਟੋਏ ਸੀ ਬੜੇ

ਕੀ ਉਹਨਾਂ ਦੇ ਨਾਲ ਰਿਸ਼ਤਾ ਸੀ ਪਤਾ ਹੁਣ ਲੱਗਿਆ
ਉਹ ਜਦੋਂ ਰੁਖ਼ਸਤ ਹੋਏ ਇਹ ਨੈਣ ਰੋਏ ਸੀ ਬੜੇ

ਜਦ ਹੜਾਂ ਸੰਗ ਰਲ ਗਈ ਸੀ ਪਾਣੀਆਂ ਦੀ ਬੂੰਦ ਬੂੰਦ
ਵਕਤ ਦੀ ਸਾਜ਼ਿਸ਼ ਨੇ ਓਦੋਂ ਘਰ ਡਬੋਏ ਸੀ ਬੜੇ

ਹੁਣ ਬੜੇ ਹੈਰਾਨ ਹਾਂ ਨਾਕਾਮ ਹੋਏ ਕਿਉਂ ਅਸੀਂ
ਚੜ੍ਹਦੀ ਉਮਰੇ ਤਾਂ ਇਰਾਦੇ ਵੀ ਨਰੋਏ ਸੀ ਬੜੇ

ਸੋਚਿਆ ਸੀ ਏਸ ਵਾਰੀ ਤਾਂ ਮਿਲੇਗੀ ਸੂਹੀ ਰੁੱਤ
ਫੇਰ ਮੌਸਮ ਐਤਕੀਂ ਵੀ ਸਰਦ ਹੋਏ ਸੀ ਬੜੇ।

ਮੈਂ ਪੱਕਿਆ ਬੀਜ ਹਾਂ ਇਸ ਧਰਤ ਉਤੇ ਬਿਖਰ ਜਾਵਾਂਗਾ
ਜਦੋਂ ਆਈ ਬਹਾਰ ਰੁੱਤ ਮੈਂ ਫਿਰ ਪੁੰਗਰ ਆਵਾਂਗਾ

ਮੇਰੀ ਤਸਵੀਰ ਧੁੰਦਲੀ ਨੂੰ ਹਮੇਸ਼ਾ ਦੇਖਦੇ ਰਹਿਣਾ
ਜ਼ਰੂਰ ਇਕ ਨਾ ਇਕ ਦਿਨ ਮੈਂ ਨਿਖਰ ਆਵਾਂਗਾ

ਮੈਂ ਕੇਵਲ ਥੋੜੇ ਜੋਗਾ ਹਾਂ ਨਾ ਮੈਥੋਂ ਫਾਸਲੇ ਰੱਖੋ
ਜਦੋਂ ਵੀ ਥੱਕ ਜਾਵਾਂਗਾ ਤਾਂ ਬੱਸ ਮੈਂ ਇਧਰ ਆਵਾਂਗਾ

ਕਦੇ ਜੇ ਨੀਂਦ ਨਾ ਆਈ ਤਾਂ ਤੱਕ ਅਸਮਾਨ ਵਿਚ ਲੈਣਾ
ਕਿ ਝਿਲਮਿਲ ਤਾਰਿਆਂ ਦੇ ਵਿਚ ਮੈਂ ਵੀ ਨਜ਼ਰ ਆਵਾਂਗਾ

ਤੁਹਾਡੀ ਅੱਖ ਨਮ ਹੋਏ ਬਿਨਾਂ ਇਹ ਰਹਿ ਨਹੀਂ ਸਕਣੀ
ਕਦੇ ਤਨਹਾਈਆਂ ਵਿਚ ਮੈਂ ਯਾਦ ਵੀ ਇਸ ਕਦਰ ਆਵਾਂਗਾ

ਦਿਨੋ ਦਿਨ ਆ ਰਹੇ ਬਦੀਆਂ ਦੇ ਜਿਹੜੇ ਕਾਫਿਲੇ ਏਥੇ
ਇਨ੍ਹਾਂ ਲੱਭਣਾ ਨਹੀਂ ਮੈਂ ਬਣਕੇ ਜਦ ਵੀ ਗ਼ਦਰ ਆਵਾਂਗਾ।

ਉਸਨੇ ਵੀ ਕਿਸੇ ਕੋਨੇ ਘਰ ਬਣਾਇਆ ਤਾਂ ਹੋਣੈ
ਸ਼ਾਇਦ ਰੀਝਾਂ ਨਾਲ ਉਸਨੂੰ ਸਜਾਇਆ ਤਾਂ ਹੋਣੈ

ਭਾਵੇਂ ਦੇਖਿਆ ਨਹੀਂ ਪਰ ਜਾਣਦੇ ਜ਼ਰੂਰ ਹਾਂ
ਗਮਲੇ ਵਿਚ ਕੈਕਟਸ ਵੀ ਉਗਾਇਆ ਤਾਂ ਹੋਣੈ

ਨਿਕ ਸੁਕ ਜਦ ਉਸ ਕਦੇ ਵੀ ਹੋਊ ਫਰੋਲਿਆ
ਖਤਾਂ ਮੇਰਿਆਂ ਨੂੰ ਲਾਜ਼ਮੀ ਛੁਪਾਇਆ ਤਾਂ ਹੋਣੈ

ਸੋਚਾਂ ਉਹਦੀਆਂ ਨੂੰ ਦੇਣ ਲਈ ਥੋੜਾ ਧਰਵਾਸ
ਜੁਗਨੂੰ ਆਥਣੇ ਕੋਈ ਜਗਮਗਾਇਆ ਤਾਂ ਹੋਣੈ

ਨਜ਼ਰਾਂ ਫਿਰ ਨਾ ਹੋ ਜਾਣ ਕਿਸੇ ਨਾਲ ਸਾਂਝੀਆਂ
ਦੀਵਾਰਾਂ ਨੂੰ ਐਨਾ ਉਚਾ ਚੁਕਵਾਇਆ ਤਾਂ ਹੋਣੈ

ਜ਼ਖ਼ਮ ਭਰ ਜਾਣ ਦੀ ਅਜੇ ਬਣੀ ਹੋਊ ਆਸ
ਫਿਰ ਯਾਦਾਂ ਨੇ ਆ ਕੁੰਡਾ ਖੜਕਾਇਆ ਤਾਂ ਹੋਣੈ

ਮੁੱਲ ਮੁਹੱਬਤ ਦਾ ਉਹ ਆਖਿਰ ਤਾਰ ਗਏ
ਸੱਜਣ ਸੱਤ ਸਮੁੰਦਰੋਂ ਭਾਵੇਂ ਪਾਰ ਗਏ

ਵੱਸ ਦੀ ਗੱਲ ਨਹੀਂ ਦਿਲਾਂ ਵਿਚ ਦੂਰੀਆਂ ਹੋਣਾ
ਜਦ ਮਿਲਣਾ ਚਾਹਿਆ ਤਾਂ ਮੁਕੱਦਰ ਮਾਰ ਗਏ

ਅਸੀਂ ਤਾਂ ਮਰ ਮਿਟੇ ਉਹਨਾਂ ਦੀ ਹਰ ਅਦਾ ਤੇ
ਮਾਫ ਕਰੀਂ ਉਹ ਕਹਿਕੇ ਬੁੱਤਾ ਸਾਰ ਗਏ

ਹਵਾ ਵਿਚ ਲਟਕਦੇ ਹੋਏ ਬੱਦਲ ਦੀ ਕਸਮ
ਜਿੱਤਾਂਗੇ ਅਗਲੇ ਜਨਮ ਇਸ ਵਾਰੀ ਹਾਰ ਗਏ

ਭੁਲੇਖੇ ਵਿਚ ਰਹੇ ਕਿ ਅਸੀਂ ਚਾਤੁਰ ਬਹੁਤ ਹਾਂ
ਭੋਲੇ ਲੱਗਣ ਵਾਲੇ ਸਾਨੂੰ ਚਾਰ ਗਏ

ਨਫਰਤਾਂ ਦੇ ਤੀਰਾਂ ਨਾਲ ਜੋ ਵਿੰਨ੍ਹਦੇ ਰਹੇ ਸਦਾ
ਜਨਾਜ਼ਾ ਤੱਕਣ ਲਈ ਸਾਡਾ ਹੋ ਪੱਬਾਂ ਭਾਰ ਗਏ।

ਇਕ ਦਾ ਨਹੀਂ ਇਹ ਕਿੱਸਾ ਅੱਜ ਕੱਲ ਹਰ ਇਕ ਘਰ ਦਾ ਹੈ
ਪਹਿਲਾਂ ਬਣਦਾ, ਫਿਰ ਢਹਿੰਦਾ ਤੇ ਫਿਰ ਉਸਰਦਾ ਹੈ

ਪਹਿਲਾਂ ਫੁੱਲ ਖਿੜਦੇ ਨੇ ਬਾਅਦ ਵਿਚ ਬਣ ਜਾਂਦਾ ਬੀਜ
ਪੱਕਦਾ, ਝੜਦਾ ਉੱਗਣ ਦੇ ਲਈ ਫੇਰ ਬਿਖਰਦਾ ਹੈ

ਰੁੱਤਾਂ ਦੀ ਪ੍ਰਵਾਹ ਨਾ ਕਰਦੇ ਏਥੇ ਸ਼ਖ਼ਸ ਕਈ
ਵਜੂਦ ਉਹਨਾਂ ਦਾ ਤਪਸ਼ ਅੰਦਰ ਹੋਰ ਨਿਖਰਦਾ ਹੈ

ਪਹਿਲਾਂ ਪਹਿਲਾਂ ਯਾਦ ਕਿਸੇ ਦੀ ਬੜਾ ਸਤਾਉਂਦੀ ਹੈ
ਹੌਲੀ ਹੌਲੀ ਫੇਰ ਕੋਈ ਮਨ 'ਚੋਂ ਵਿਸਰਦਾ ਹੈ

ਹਰ ਪਲ ਛੁਪਿਆ ਰਹਿੰਦਾ ਮਨ ਵਿਚ ਹੈ ਫਨਕਾਰ ਕਿਤੇ
ਜੋ ਬੱਦਲਾਂ ਨੂੰ ਤੱਕ ਕੇ ਅਕਸਰ ਨਕਸ਼ ਚਿਤਰਦਾ ਹੈ

ਹਿਜਰ ਤੇਰੇ ਦਾ ਬੂਟਾ ਕਿੰਨਾ ਹੋ ਭਰਪੂਰ ਗਿਆ
ਜਿੰਨਾ ਇਸਨੂੰ ਕੱਟੀਏ ਓਨਾ ਹੀ ਨਿਸਰਦਾ ਹੈ।

ਤਰੰਗਾਂ ਦਿਲ ਦੀਆਂ ਨੇ ਤਾਂ ਸਦਾ ਬੇਕਰਾਰ ਹੀ ਰਹਿਣਾ
ਮਗਰ ਸੋਚਾਂ ਦੇ ਸਾਗਰ ਨੇ ਤਾਂ ਖੁਦਮੁਖਤਿਆਰ ਹੀ ਰਹਿਣਾ

ਜਿਨ੍ਹਾਂ ਨੇ ਚੁਗ ਲਏ ਦਾਣੇ ਭਰੇ ਜੋ ਨਾਲ ਜ਼ਹਿਰਾਂ ਦੇ
ਅਜਿਹੇ ਪੰਛੀਆਂ ਦੇ ਬੋਟਾਂ ਨੂੰ ਇੰਤਜ਼ਾਰ ਹੀ ਰਹਿਣਾ

ਬੜਾ ਕੁਝ ਲੱਭ ਲਿਆ ਹੈ ਆਦਮੀ ਨੇ ਤਾਰਿਆਂ ਤੀਕਰ
ਅਜੇ ਵੀ ਉਲਝਣਾਂ ਦੇ ਢੇਰ ਨੇ ਬਰਕਰਾਰ ਹੀ ਰਹਿਣਾ

ਜ਼ਿੰਮੇਵਾਰੀਆਂ ਨੂੰ ਭਾਵੇਂ ਕਿੰਨਾ ਪਰ੍ਹਾਂ ਵਗਾਹ ਸੁੱਟੋ ਤੁਸੀਂ
ਕਿ ਰੋਟੀ ਰੋਜ਼ੀ ਖਾਤਿਰ ਫਿਰ ਵੀ ਦਿਲ ਤੇ ਭਾਰ ਹੀ ਰਹਿਣਾ

ਬੜਾ ਹੀ ਜ਼ੋਰ ਲਾਇਆ ਰੁਖ਼ ਬਦਲ ਦੇਈਏ ਹਵਾਵਾਂ ਦਾ
ਸਦਾ ਹੀ ਮੌਸਮ ਨੇ ਤਾਂ ਤੁਰਦੇ ਆਪਣੀ ਰਫਤਾਰ ਹੀ ਰਹਿਣਾ

ਸੁੰਗੜਦਾ ਜਾ ਰਿਹਾ ਹਰ ਪਲ ਹੈ ਖੇਤਰਫਲ ਇਹ ਧਰਤੀ ਦਾ
ਮਹਾਂਨਗਰਾਂ ਦਾ ਹੁੰਦਾ ਫੇਰ ਵੀ ਵਿਸਥਾਰ ਹੀ ਰਹਿਣਾ

ਬਸੰਤੀ ਰੁੱਤ 'ਚ ਵੀ ਸੁਪਨੇ ਤਾਂ ਭਾਵੇਂ ਕਤਲ ਹੁੰਦੇ ਨੇ
ਮਗਰ ਨਾਂ ਏਸ ਦਾ ਫਿਰ ਵੀ ਹੈ ਰੁੱਤ ਬਹਾਰ ਹੀ ਰਹਿਣਾ।

ਦਿਲ ਦੇ ਕੋਰੇ ਕਾਗਜ਼ ਲਈ ਕੋਈ ਮਜ਼ਮੂਨ ਮਿਲੇ
ਹਾਸਿਲ ਕਿਸੇ ਨੂੰ ਕਰਨ ਲਈ ਤਪਦਾ ਜਨੂੰਨ ਮਿਲੇ

ਬੰਦੇ ਦੀ ਇਹ ਜਾਤ ਹੈ ਜੇਕਰ ਸਭ ਤੋਂ ਉੱਤਮ ਜਾਤ
ਫੇਰ ਕਦੇ ਨਾ ਏਸ ਤਰ੍ਹਾਂ ਦੀ ਮੈਨੂੰ ਜੂਨ ਮਿਲੇ

ਨਾ ਖਾਲੀ, ਨਾ ਬਣੇ ਸਵਾਲੀ ਕੋਈ ਸਰਦਲ ਵੀ
ਹਰ ਦਰ ਦੀ ਖੁਸ਼ਹਾਲੀ ਦੇ ਲਈ ਇਕ ਕਾਨੂੰਨ ਮਿਲੇ

ਹਰ ਚਿਹਰਾ ਨਜ਼ਰ ਆਵੇ ਫੱਗਣ ਦੀ ਰੁੱਤ ਵਰਗਾ
ਸਾਰੇ ਰਹਿਣ ਖਿੜੇ ਸਭ ਨੂੰ ਹੀ ਸਕੂਨ ਮਿਲੇ

ਉਹ ਬਾਗ ਤਾਂ ਵੀਰਾਨੇ ਤੋਂ ਵੀ ਬਦਤਰ ਹੈ ਯਾਰੋ
ਜਿਥੇ ਮੋਈਆਂ ਕਲੀਆਂ ਦਾ ਕਤਰਾ ਵੀ ਖੂਨ ਮਿਲੇ।

ਲੋਕਾਂ ਦਾ ਕੀ ਕਰੀਏ ਅਤੇ ਇਸ ਜੱਗ ਦਾ ਕੀ ਕਰੀਏ
ਸੀਨੇ ਅੰਦਰ ਧੁਖਦੀ ਜੋ ਉਸ ਅੱਗ ਦਾ ਕੀ ਕਰੀਏ

ਹਰ ਪਲ ਸੁਪਨੇ ਲੈਂਦਾ ਪੰਛੀ ਵਾਕਣ ਉਡਣ ਦੇ
ਆਖੇ ਨਹੀਂ ਲੱਗਦਾ ਦਿਲ, ਲਾਈਲੱਗ ਦਾ ਕੀ ਕਰੀਏ

ਕਰਜ਼ੇ ਹੇਠ ਨਪੀੜੀ ਬੜੀ ਨਮੋਸ਼ੀ ਹੈ ਝਲਦੀ
ਹੁਣ ਤੱਕ ਸਾਂਭੀ ਰੱਖੀ ਜੋ ਉਸ ਪੱਗ ਦਾ ਕੀ ਕਰੀਏ

ਦਿੱਲੀ ਦੇ ਵਿਚ ਬੈਠਾ ਅੰਦਰ ਸਖਤ ਸੁਰੱਖਿਆ ਦੇ
ਕੋਈ ਜੁਗਤ ਬਣਾਓ ਕਿ ਉਸ ਠੱਗ ਦਾ ਕੀ ਕਰੀਏ

ਸ਼ਾਮ ਢਲੀ ਤਾਂ ਬਸਤੀ ਵਿਚ ਹਨੇਰਾ ਪੱਸਰ ਗਿਆ
ਤੇਰੀਆਂ ਸੜਕਾਂ ਤੇ ਹੁੰਦੀ ਜਗਮਗ ਦਾ ਕੀ ਕਰੀਏ।

ਆਓ ਜੇਕਰ ਸੋਚਣਾ ਹੈ ਰੁੱਖ ਬਾਰੇ ਸੋਚੀਏ
ਚਾਰੇ ਪਾਸੇ ਜੋ ਹੈ ਪਸਰੀ ਭੁੱਖ ਬਾਰੇ ਸੋਚੀਏ

ਬੱਝਵੀਂ ਰੋਟੀ ਨੂੰ ਜਿਥੇ ਸਾਰਾ ਟੱਬਰ ਤਰਸਦਾ
ਉਹਨਾਂ ਠੰਡੇ ਚੁੱਲ੍ਹਿਆਂ ਦੇ ਦੁੱਖ ਬਾਰੇ ਸੋਚੀਏ

ਆਉਣ ਵਾਲੇ ਵਕਤ ਦੀ ਅਨਹੋਣੀ ਨੂੰ ਦੇਖ ਕੇ
ਨਿੱਤ ਜਿਹੜੀ ਕਤਲ ਹੁੰਦੀ ਕੁੱਖ ਬਾਰੇ ਸੋਚੀਏ

ਰਿਜ਼ਕ ਖਾਤਿਰ ਜਿਹੜੇ ਪੁੱਤਰ ਤੁਰ ਗਏ ਪ੍ਰਦੇਸ ਵਿਚ
ਮਾਵਾਂ ਪਿੱਛੋਂ ਮੰਗਦੀਆਂ ਉਸ ਸੁੱਖ ਬਾਰੇ ਸੋਚੀਏ

ਰਹਿਣ ਜਾਰੀ ਖੋਜਾਂ, ਕਾਢਾਂ ਤੇ ਮਸ਼ੀਨਾਂ ਨਵੀਆਂ ਹੋਰ
ਪਰ ਜ਼ਰਾ ਕੁਦਰਤ ਅਤੇ ਮਨੁੱਖ ਬਾਰੇ ਸੋਚੀਏ।

ਕਮਰੇ ਦਾ ਹਰ ਇਕ ਕੋਨਾ ਮੈਂ ਸ਼ਿੰਗਾਰਦਾ
ਚਾਹਤ ਬੜੀ ਸੀ ਉਸਦੀ ਫੋਟੋ ਨਿਹਾਰਦਾ

ਉਹਨੇ ਜੋ ਕਰਮ ਕੀਤੇ ਭੁਲਦੇ ਨਹੀਂ ਕਦੇ
ਕਿੱਦਾਂ ਮੈਂ ਯਾਦ ਓਸਦੀ ਦਿਲ 'ਚੋਂ ਵਿਸਾਰਦਾ

ਜੀਵਨ 'ਚ ਮੇਰੇ ਰਹੀਆਂ ਨੇ ਉਲਝਣਾਂ ਹੀ ਹੋਰ
ਕਿੱਦਾਂ ਮੈਂ ਦੱਸ ਤੇਰੀਆਂ ਜ਼ੁਲਫ਼ਾਂ ਸਵਾਰਦਾ

ਜਿੱਤ ਲੈਣੀ ਸੀ ਮੈਂ ਬਾਜ਼ੀ ਪਹਿਲਾਂ ਜ਼ਮਾਨੇ ਤੋਂ
ਪਹਿਲਾਂ ਕਿਤੇ ਜੇ ਆਪਣੀ ਹਉਮੈ ਨੂੰ ਮਾਰਦਾ

ਮੇਰੇ ਦਰਾਂ 'ਤੇ ਫਿਰ ਸੀ ਆਉਣਾ ਪਰਿੰਦਿਆਂ
ਉਹਨਾਂ ਲਈ ਜੇ ਰਹਿੰਦਾ ਚੋਗਾ ਖਿਲਾਰਦਾ

ਮੁਮਤਾਜ਼ ਵਰਗਾ ਚਿਹਰਾ ਨਾ ਲੱਭਿਆ ਕਿਤੋਂ
ਉਹਦੇ ਬਗੈਰ ਕਿੱਦਾਂ ਮੈਂ ਤਾਜ ਉਸਾਰਦਾ

ਮਹਿਫਿਲ 'ਚੋਂ ਹੋਣਾ ਰੁਖ਼ਸਤ ਬਿਹਤਰ ਮੈਂ ਸਮਝਿਆ
ਤਾਅਨੇ ਤਰ੍ਹਾਂ ਤਰ੍ਹਾਂ ਦੇ ਕਿਵੇਂ ਸਹਾਰਦਾ।

ਹੋ ਹੀ ਗਏ ਹਾਂ ਆਖਿਰ ਗ਼ੁਲਾਮ ਸਿਸਟਮ ਦੇ
ਔਗੁਣ ਜਰ ਲਏ ਅਸੀਂ ਤਮਾਮ ਸਿਸਟਮ ਦੇ

ਇਸਨੂੰ ਬਦਲ ਦਿਆਂਗੇ ਜਿਹੜੇ ਕਹਿੰਦੇ ਸੀ
ਸੋਹਲੇ ਗਾਉਂਦੇ ਫਿਰਦੇ ਉਹ ਆਮ ਸਿਸਟਮ ਦੇ

ਉਹ ਤਾਂ ਕਹਿਣ ਤਰੱਕੀ ਕੀਤੀ ਅਸੀਂ ਬੜੀ
ਮੈਨੂੰ ਜਾਪਣ ਪੁਰਜ਼ੇ ਨੇ ਜਾਮ ਸਿਸਟਮ ਦੇ

ਰੁਲੇ ਜਵਾਨੀ ਸੜਕਾਂ ਤੇ ਰੁਜ਼ਗਾਰ ਨਹੀਂ
ਸਾਹਵੇਂ ਹੈਨ ਨਤੀਜੇ ਨਾਕਾਮ ਸਿਸਟਮ ਦੇ

ਕਿੱਦਾਂ ਦਾ ਹੈ ਤੰਤਰ ਸਮਝ ਨਹੀਂ ਪੈਂਦੀ
ਨਵੇਂ ਨਵੇਂ ਹੀ ਹੋ ਗਏ ਨਾਮ ਸਿਸਟਮ ਦੇ

ਧੁੱਪ, ਧੂੜ, ਧੁੰਦ ਘੱਟਾ ਤੇ ਕਾਲੀ ਸੁਆਹ
ਮੌਸਮ ਕਿੰਨੇ ਤਰ੍ਹਾਂ ਦੇ ਬਦਨਾਮ ਸਿਸਟਮ ਦੇ

ਨਾਅਰੇ ਬੁਲੰਦ ਕਰਦੇ ਕਦੇ ਜਿਸਦੇ ਖਿਲਾਫ਼
ਅੱਜ ਬੋਲਣ ਹੱਕ ਵਿਚ ਸ਼ਰੇਆਮ ਸਿਸਟਮ ਦੇ।

ਉਹਨੂੰ ਮੇਰੀ ਮੁਹੱਬਤ ਤੇ ਇਤਬਾਰ ਨਹੀਂ ਆਇਆ
ਤਾਹੀਂ ਉਹ ਕਦੇ ਮੁੜ ਕੇ ਦਿਲਦਾਰ ਨਹੀਂ ਆਇਆ

ਦਿਲ ਦੀ ਗੱਲ ਜਿਸਨੂੰ ਮੈਂ ਬੇਝਿਜਕ ਸੁਣਾ ਲੈਂਦਾ
ਜੀਵਨ ਵਿਚ ਐਸਾ ਕੋਈ ਕਿਰਦਾਰ ਨਹੀਂ ਆਇਆ

ਭਰਿਆ ਹੈ ਦੁਕਾਨਾਂ ਵਿਚ ਬੇਕਾਰ ਜਿਹਾ ਸਮਾਨ
ਜਿਥੋਂ ਮਿਲਜੇ ਸਕੂਨ ਕਿਤੇ ਬਜ਼ਾਰ ਨਹੀਂ ਆਇਆ

ਉਮਰਾਂ ਭਰ ਤੁਰਦੇ ਰਹੇ ਕੰਡਿਆਲੇ ਰਾਹਾਂ ਤੇ
ਇਹਨਾਂ ਰਾਹਾਂ ਤੇ ਚਲਦੇ ਕੋਈ ਗੁਲਜ਼ਾਰ ਨਹੀਂ ਆਇਆ

ਇੱਕ ਕਾਲੀ ਘਟਾਅ ਆਈ ਪਰ ਮੁੜ ਗਈ ਬਿਨਾਂ ਬਰਸੇ
ਬੱਦਲ ਜੋ ਰੂਹਾਂ ਠਾਰੇ ਇਕ ਵਾਰ ਨਹੀਂ ਆਇਆ

ਆਖ਼ਿਰ ਕੋਈ ਤਾਂ ਬਦਲੇਗਾ ਇਸ ਨਿਜ਼ਾਮ ਦਾ ਚਿਹਰਾ
ਚਿਰ ਤੋਂ ਕੋਈ ਭਗਤ ਸਿਹੁੰ ਸਰਦਾਰ ਨਹੀਂ ਆਇਆ।

ਕੀਤੀਆਂ ਜਿਹਨਾਂ ਕਦੇ ਮੁਹੱਬਤਾਂ
ਚਿਹਰਿਆਂ ਤੋਂ ਪੜ੍ਹਨ ਉਹ ਇਬਾਰਤਾਂ

ਬੋਲਦੇ ਖੰਡਰ ਪੁਰਾਣੇ ਦੋਸਤੋ
ਖ਼ੂਬਸੂਰਤ ਸਨ ਕਦੇ ਇਮਾਰਤਾਂ

ਸੱਸੀ, ਸੋਹਣੀ, ਰੇਤ ਕੱਕੀ ਤੇ ਝਨਾਂ
ਆਪਣੇ ਹੱਥੀਂ ਆਪ ਘੜੀਆਂ ਕਿਸਮਤਾਂ

ਉਮਰ ਭਰ ਕਰਦੇ ਰਹੋ ਲੱਖ ਕੋਸ਼ਿਸ਼ਾਂ
ਪੂਰੀਆਂ ਨਾ ਹੋਣ ਫਿਰ ਵੀ ਹਸਰਤਾਂ

ਕੀ ਜਵਾਨੀ ਤੇ ਕੀ ਹੈ ਬੁਢਾਪਾ ਇਹ
ਹਾਏ ਬਚਪਨ ਹਾਏ ਉਹ ਸ਼ਰਾਰਤਾਂ

ਕਰ ਲਈ ਵਿਗਿਆਨ ਨੇ ਉਨਤੀ ਬਹੁਤ
ਬਾਕੀ ਬੜੀਆਂ ਹਨ ਅਜੇ ਬੁਝਾਰਤਾਂ

ਜਿਥੇ ਬੇਇਤਫਾਕੀਆਂ ਦੇ ਸਿਲਸਿਲੇ
ਖੁਸ਼ੀਆਂ ਖੇੜੇ ਕਰਨ ਉਥੋਂ ਹਿਜਰਤਾਂ

ਸਦੀਆਂ ਮਗਰੋਂ ਵੀ ਨਾ ਮਿਲਿਆ ਉਹ ਕਦੇ
ਜਿਸ ਲਈ ਨਿੱਤ ਕੀਤੀਆਂ ਇਬਾਦਤਾਂ

ਬਹੁਤੇ ਫਿਰਦੇ ਨੇ ਖ਼ਜ਼ਾਨੇ ਖੋਜਦੇ
ਕੁਝ ਕੁ ਫਿਰਦੇ ਭਾਲਦੇ ਨੇ ਸ਼ੁਹਰਤਾਂ।

ਚਾਹੁੰਦਾ ਹਾਂ ਗ਼ਜ਼ਲ ਇਕ ਸਮਿਆਂ ਦੇ ਬਾਰੇ ਲਿਖ ਦਿਆਂ
ਕੁਝ ਅੱਖਰਾਂ ਨੂੰ ਫੁੱਲ ਲਿਖਾਂ ਤੇ ਕੁਝ ਨੂੰ ਤਾਰੇ ਲਿਖ ਦਿਆਂ

ਰਿਸ਼ਵਤਾਂ, ਸਿਆਸਤਾਂ, ਸਕੈਂਡਲਾਂ ਦੇ ਦੇਸ਼ ਵਿਚ
ਲੀਡਰਾਂ ਦੇ ਹੁੰਦੇ ਜੋ ਵਾਰੇ ਨਿਆਰੇ ਲਿਖ ਦਿਆਂ

ਹੁੰਦੀਆਂ ਹਰਿਆਲੀਆਂ ਸੀ ਇਹਨਾਂ ਰੁੱਖਾਂ ਤੇ ਕਦੇ
ਵੱਢ-ਟੁੱਕ ਤੇ ਸਾੜ-ਫੂਕ ਬੰਦੇ ਦੇ ਕਾਰੇ ਲਿਖ ਦਿਆਂ

ਬਿਲਡਿੰਗਾਂ ਤੇ ਬੰਗਲੇ ਇਹ ਉਚੀਆਂ ਇਮਾਰਤਾਂ
ਇਹਨਾਂ ਤੋਂ ਨੀਵੇਂ ਨੇ ਜੋ ਕੁੱਲੀਆਂ ਤੇ ਢਾਰੇ ਲਿਖ ਦਿਆਂ

ਉਮਰ ਭਰ ਤੁਰਦੇ ਰਹੇ ਭਾਵੇਂ ਸੀ ਜਿਹੜੇ ਨਾਲ ਨਾਲ
ਫਿਰ ਵੀ 'ਕੱਠੇ ਹੋ ਸਕੇ ਨਾ ਉਹ ਦੋ ਕਿਨਾਰੇ ਲਿਖ ਦਿਆਂ

ਰੱਬ ਦੇ ਕਿੰਨੇ ਭਵਨ ਬੰਦੇ ਦੇ ਹੱਥੋਂ ਉਸਰੇ
ਚਰਚ, ਮੰਦਿਰ, ਮਸਜਿਦਾਂ ਮੈਂ ਅੱਜ ਸਾਰੇ ਲਿਖ ਦਿਆਂ

ਪਲ ਰਹੇ ਨੇ ਆਸ਼ਰਮ ਵਿਚ ਅੱਜ ਕੱਲ ਜਿਹੜੇ ਅਨਾਥ
ਉਹਨਾਂ ਕੋਲੋਂ ਖੁੱਸ ਗਏ ਨੇ ਕਿਉਂ ਸਹਾਰੇ ਲਿਖ ਦਿਆਂ

ਪੰਜ ਸਾਲਾਂ ਬਾਅਦ ਜਦ ਚੋਣਾਂ ਦਾ ਹੈ ਆਉਂਦਾ ਸਮਾਂ
ਲਾਉਂਦੇਲੀਡਰ ਨੇ ਜਿਹੜੇ ਢੇਰਾਂ ਲਾਰੇ ਲਿਖ ਦਿਆਂ

ਸੰਗਤਾਂ ਨੂੰ ਆਖਦੇ ਮੋਹ ਮਾਇਆ ਤੋਂ ਬਚਕੇ ਰਹੋ
ਬਾਬੇ ਜਿਹੜੇ ਮਾਣਦੇ ਐਸ਼ਾਂ ਨਜ਼ਾਰੇ ਲਿਖ ਦਿਆਂ

ਦਿਲ ਦਾ ਮਹਿਰਮ ਜੇ ਕਦੇ ਮਿਲ ਜਾਵੇ ਤਾਂ ਨਾਮ ਉਸਦੇ
ਅੰਬਰ, ਪ੍ਰਬਤ, ਧਰਤ ਤੇ ਸਾਗਰ ਵੀ ਖਾਰੇ ਲਿਖ ਦਿਆਂ।